
International Journal of Multidisciplinary Research and Development 2015; 2(1): 476-480



International Journal of Multidisciplinary Research and Development



IJMRD 2015; 2(1): 476-480
www.allsubjectjournal.com
Received: 20-01-2015
Accepted: 02-02-2015
E-ISSN: 2349-4182
P-ISSN: 2349-5979
Impact factor: 3.672

**ਆਨੰਦ ਵਰਧਨ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

**Correspondence:**
**ਆਨੰਦ ਵਰਧਨ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

# ਟਿਵਾਣਾ ਦੇ ਨਾਵਲਾਂ ਵਿਚ ਔਰਤ ਦੀ ਦੁਖਾਂਤਕ ਸਥਿਤੀ ਦਾ ਬੋਧ

**ਆਨੰਦ ਵਰਧਨ**

**ਸਾਰੰਸ਼**

ਪ੍ਰਕਿਰਤੀ ਦੀ ਧਰਾਤਲ ਉਪਰ ਔਰਤ ਅਤੇ ਮਰਦ ਦੋ ਅਜਿਹੀਆਂ ਅਹਿਮ ਹੋਂਦਾਂ ਹਨ ਜੋ ਇਕ ਦੂਜੇ ਦੇ ਪੂਰਕ ਹਨ ਭਾਵ ਇਹ ਅਜਿਹੀਆਂ ਦੋ ਹੋਂਦਾਂ ਹਨ ਜੋ ਇਕ ਦੂਜੇ ਬਿਨਾਂ ਅਧੂਰੀਆਂ ਹਨ। ਪ੍ਰਕਿਰਤੀ ਨੇ ਇਨ੍ਹਾਂ ਦੋਹਾਂ ਨੂੰ ਆਪਣੀ ਆਪਣੀ ਸਮਰੱਥਾ ਬਖਸ਼ੀ ਹੈ ਅਤੇ ਇਹ ਸਮਰੱਥਾ ਇਕ ਦੂਜੇ ਲਈ ਸ਼ਕਤੀ ਵੀ ਬਣਦੀ ਹੈ। ਮਰਦ ਜੇਕਰ ਸਰੀਰਕ ਪੱਧਰ ਉਪਰ ਵਧੇਰੇ ਸਮਰੱਥ ਹੈ ਤਾਂ ਔਰਤ ਨੂੰ ਜਣਨੀ ਤੋਂ ਲੈ ਕੇ ਸਮੁੱਚੇ ਸਮਾਜ ਦੀ ਸਿਰਜਣ-ਸ਼ਕਤੀ ਮੰਨਿਆ ਜਾਂਦਾ ਹੈ। ਗੁਰੂ ਨਾਨਕ ਨੇ ਆਪਣੀ ਬਾਣੀ ਵਿੱਚ ਇਹ ਵਿਵੇਕ ਉਸਾਰਿਆ ਹੈ ਕਿ ਔਰਤ ਬਾਹਰਾ ਕੇਵਲ ਇਕ ਨਿਰੰਕਾਰ ਹੈ ਪਰ ਬਾਕੀ ਕਾਇਨਾਤ ਨੂੰ ਔਰਤ ਦੀ ਹੋਂਦ ਰਾਹੀਂ ਹੀ ਅਰਥ ਮਿਲਦੇ ਹਨ। ਮਨੋਵਿਗਿਆਨੀਆਂ ਦੀ ਵੀ ਇਹੀ ਧਾਰਨਾ ਹੈ ਕਿ ਔਰਤ ਅੰਦਰ ਮਰਦ ਨਾਲੋਂ ਕਈ ਗੁਣਾਂ ਵਧੇਰੇ ਸ਼ਕਤੀ ਹੈ। ਉਹ ਜਜ਼ਬਿਆਂ ਅਤੇ ਮਮਤਾ ਦੀ ਧਰਾਤਲ ਉਪਰ ਮਰਦ ਤੋਂ ਬਹੁਤ ਅਗੇ ਹੈ। ਇਹੀ ਵਿੱਚਾਰ ਹਰ ਚਿੰਤਕ ਨੇ ਪ੍ਰਗਟਾਇਆ ਹੈ ਕਿ ਔਰਤ ਇਕ ਅਜਿਹੀ ਸ਼ਕਤੀਸ਼ਾਲੀ ਹੋਂਦ ਹੈ ਜੋ ਮਨੁੱਖ ਜਾਤੀ ਦੇ ਭਵਿੱਖ ਦਾ ਆਧਾਰ ਹੈ। ਵਰਤਮਾਨ ਸਮਿਆਂ ਵਿੱਚ ਵੀ ਇਹ ਤੱਥ ਸਪੱਸ਼ਟ ਹੋ ਰਿਹਾ ਹੈ ਕਿ ਜੇਕਰ ਔਰਤ ਨੂੰ ਵਿਗਸਣ ਦੇ ਮੌਕੇ ਦਿਤੇ ਜਾਣ ਤਾਂ ਉਹ ਮਰਦ ਨਾਲੋਂ ਕਿਤੇ ਵਧੇਰੇ ਪ੍ਰਾਪਤੀਆਂ ਕਰਦੀ ਹੈ। ਨਿਰਸੰਦੇਹ ਪ੍ਰਕ੍ਰਿਤੀ ਨੇ ਇਨ੍ਹਾਂ ਦੋਹਾਂ ਹੋਂਦਾਂ ਨੂੰ ਇਕ ਦੂਜੇ ਦੇ ਅੰਗ ਸੰਗ ਵਿੱਚਰਣ ਅਤੇ ਵਿਕਸਿਤ ਹੋਣ ਦਾ ਵਰਦਾਨ ਦਿੱਤਾ ਹੈ। ਮਾਨਵੀ ਇਤਿਹਾਸ ਇਸ ਤੱਥ ਦਾ ਪ੍ਰਮਾਣ ਹੈ ਕਿ ਜਦੋਂ ਵੀ ਕਿਸੇ ਸਮਾਜ ਵਿੱਚ ਔਰਤ ਨੂੰ ਬਰਾਬਰੀ ਦਾ ਦਰਜਾ ਦਿੱਤਾ ਗਿਆ ਹੈ, ਉਦੋਂ ਮਾਨਵੀ ਭਵਿੱਖ ਨੂੰ ਸੁਨਹਿਰੀ ਦਿਸ਼ਾ ਮਿਲੀ ਹੈ। ਸਮਾਜ ਸੁਧਾਰਕਾਂ ਅਤੇ ਕਰਾਂਤੀਕਾਰੀਆਂ ਦੀ ਸੋਚ ਨੇ ਹਮੇਸ਼ਾਂ ਔਰਤ ਦੀ ਸਮਰੱਥਾ ਅਤੇ ਉਸਦੀ ਆਜ਼ਾਦੀ/ਬਰਾਬਰੀ ਦੀ ਗੱਲ ਕੀਤੀ ਹੈ। ਮਾਨਵੀ ਇਤਿਹਾਸ ਵਿੱਚੋਂ ਇਸ ਤੱਥ ਦੀ ਵੀ ਪੁਸ਼ਟੀ ਹੁੰਦੀ ਹੈ ਕਿ ਜਦੋਂ ਵੀ ਔਰਤ ਨੂੰ ਜਕੜਿਆ ਗਿਆ ਹੈ ਜਾਂ ਉਸ ਦੀ ਹੋਂਦ ਨੂੰ ਨਕਾਰਿਆ ਗਿਆ ਹੈ, ਉਦੋਂ ਹੀ ਸਮਾਜ ਅਤੇ ਰਿਸ਼ਤਿਆਂ ਵਿੱਚ ਅਸੰਤੁਲਨ ਪੈਦਾ ਹੋਇਆ ਹੈ। ਸਮਾਜ ਵਿਘਟਨ ਵੱਲ ਗਿਆ ਹੈ।

**ਮੁੱਖ ਸਬਦ:** ਇਤਿਹਾਸ, ਪ੍ਰਕਿਰਤੀ, ਅਵਚੇਛਲ, ਯਥਾਰਥ, ਸਰਕੰਡਿਆਂ, ਬਿੰਬ ਆਦਿ

ਇਸ ਸਥਿਤੀ ਨੂੰ ਸਮਝਦਿਆਂ ਹੋਇਆਂ ਵੀ ਜਦੋਂ ਵੀ ਔਰਤ ਨੂੰ ਸਮਾਜ ਵਿੱਚ ਤ੍ਰਿਸਕਾਰਿਆ ਗਿਆ ਹੈ, ਮਾਨਵੀ ਭਵਿੱਖ ਹਮੇਸ਼ਾ ਹੀ ਥਿੜਕਿਆ ਅਤੇ ਦਿਸ਼ਾਹੀਣ ਹੋਇਆ ਹੈ। ਔਰਤ ਦੀ ਬੇਪਨਾਹ ਸ਼ਕਤੀ ਨੂੰ ਜਕੜਣ ਦਾ ਸਰਾਪ ਮਾਨਵੀ ਭਵਿੱਖ ਨੂੰ ਹੀ ਮਿਲਿਆ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਮਰਦ ਧੁਰ ਅੰਦਰੋਂ ਦੀ ਇਸ ਸ਼ਕਤੀ ਨੂੰ ਜਾਣਦਿਆਂ ਪਛਾਣਦਿਆਂ ਵੀ ਆਪਣੀ ਹਉਂ ਦੀ ਤ੍ਰਿਪਤੀ ਲਈ ਉਸ ਨੂੰ ਜਕੜਦਾ ਰਿਹਾ ਹੈ। ਮਰਦ ਦੀ ਇਸ ਮਾਨਸਿਕਤਾ ਨੂੰ ਪੰਜਾਬੀ ਦੇ ਸ਼ਾਇਰ ਬਾਵਾ ਬਲਵੰਤ ਨੇ ਇੰਜ ਪ੍ਰਗਟਾਇਆ ਹੈ:ਜ਼

ਅਜ਼ਲਾਂ ਤੋਂ ਆਦਮੀ ਜ਼ਾਲਮ ਰਿਹਾ
ਲੈ ਕੇ ਖੁਸ਼ੀਆਂ ਸੁਹਲ ਦੇਂਦਾ ਗਮ ਰਿਹਾ।
ਨਜ਼ਰ ਵਿੱਚ ਔਰਤ ਸਦਾ ਦਾਸੀ ਰਹੀ।
ਏਸ ਲਈ ਔਰਤ ਦੀ ਰੂਹ ਪਿਆਸੀ ਰਹੀ।

ਇਹ ਕਾਵਿ ਸਤਰਾਂ ਭਾਰਤੀ ਇਤਿਹਾਸ ਵਿੱਚ ਔਰਤ ਦੀ ਦੁਖਾਂਤਕ ਸਥਿਤੀ ਦਾ ਬੋਧ ਕਰਵਾਉਂਦੀਆਂ ਹਨ। ਭਾਰਤੀ ਇਤਿਹਾਸ ਇਸ ਤੱਥ ਦਾ ਪ੍ਰਮਾਣ ਹੈ ਕਿ ਵੱਡੇ ਵੱਡੇ ਧਰਮੀ ਪੁਰਖਾਂ ਦੇ ਵਿੱਚਕਾਰ ਔਰਤ ਨੂੰ (ਦਰੋਪਦੀ ਨੂੰ) ਇਕ ਵਸਤੂ ਵਾਂਗ ਜੂਏ ਵਿੱਚ ਦਾਅ ਉਪਰ ਲਾਇਆ ਗਿਆ ਸੀ ਅਤੇ ਉਸ ਨੂੰ ਆਪਣੇ ਪੁਰਖਿਆਂ ਵਿਚਕਾਰ ਨੰਗਾ ਕਰਨ ਦਾ ਯਤਨ ਵੀ ਕੀਤਾ ਗਿਆ ਸੀ। ਅਜਿਹੇ ਅਨੇਕ ਹਵਾਲੇ ਹਨ ਜੋ ਇਹ ਦਸਦੇ ਹਨ ਕਿ ਔਰਤ ਇਕ ਸ਼ਕਤੀਵਾਰ ਹੋਂਦ ਹੋਣ ਦੇ ਬਾਵਜੂਦ ਵੀ ਮਰਦ ਪ੍ਰਧਾਨ ਨਜ਼ਾਮ ਅਤੇ ਸਮਾਜ ਵਿੱਚ ਵਸਤੂ ਵਾਂਗ ਵੇਚੀ ਵੱਟੀ ਗਈ ਹੈ। ਵਸਤੂ ਰੂਪ ਹੋਣ ਦੀ ਸਥਿਤੀ ਵਿੱਚ ਔਰਤ ਹਮੇਸ਼ਾਂ 'ਮੁੱਲ ਦੀ ਤੀਵੀਂ' ਬਣੀ ਹੈ। ਤ੍ਰਾਸਦੀ ਇਹ ਹੈ ਜਿੰਦਵਾਨ ਹੋਂਦ ਨੂੰ ਵਸਤੂ ਬਣ ਕੇ ਰਹਿਣਾ ਪੈਂਦਾ ਹੈ। ਇਹ ਸਥਿਤੀ ਹਰ ਕਾਲ ਵਿੱਚ ਦੁਹਰਾਈ ਗਈ ਹੈ ਅਤੇ ਵਰਤਮਾਨ ਵਿੱਚ ਵੀ ਸਥਿਤੀ ਥੋੜ੍ਹੇ ਬਹੁਤੇ ਅੰਤਰ ਨਾਲ ਇਹੋ ਜਿਹੀ ਹੀ ਹੈ। ਇਸ ਸਥਿਤੀ ਦਾ ਇਕ ਤ੍ਰਾਸਦ ਪੱਖ ਇਹ ਵੀ ਹੈ ਕਿ ਮਰਦ ਦੇ ਹਰ ਕੁਕਰਮ ਦੀ ਸਜ਼ਾ ਵੀ ਔਰਤ ਨੂੰ ਦਿੱਤੀ ਜਾਂਦੀ ਰਹੀ ਹੈ। ਜੰਗ ਜੁੱਧ ਮਰਦ ਲੜਦੇ ਹਨ ਪਰ ਤ੍ਰਾਸਦੀ ਔਰਤ ਨੂੰ ਹੀ ਭੋਗਣੀ ਪੈਂਦੀ ਹੈ। ਇਸ ਦੀ ਜੀਵਿਤ ਮਿਸਾਲ ਗੁਰੂ ਨਾਨਕ ਦੀ ਅਗੰਮੀ ਬਾਣੀ ''ਬਾਬਰਵਾਣੀ'' ਵਿੱਚੋਂ ਦੇਖੀ ਜਾ ਸਕਦੀ ਹੈ। ਬਾਬਰ ਦੇ ਹਮਲੇ ਵਿੱਚ ਜੋ ਦੁਰਗਤੀ ਔਰਤ ਦੀ ਹੋਈ ਹੈ, ਉਹ ਬੇਕਸੂਰ ਨੂੰ ਸਜ਼ਾ ਦੇਣਾ ਦੇ ਤੁੱਲ ਹੈ। ਮਿਸਾਲ ਵਜੋਂ ਦੇਖੋ:ਜ਼

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ।।

ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ।।1।।
ਆਦੇਸੁ ਬਾਬਾ ਆਦੇਸੁ।। ਆਦਿ ਪੁਰਖ ਤੇਰਾ ਅੰਤੁ ਨ ਪਾਇਆ
ਕਰਿ ਕਰਿ ਦੇਖਹਿ ਵੇਸ।।1।।ਰਹਾਉ।।
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ।।
ਹੀਡੋਲੀ ਚੜਿ ਆਈਆ ਦੰਦਖੰਡ ਕੀਤੇ ਰਾਸਿ।।
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।।2।।
ਇਕੁ ਲਖੁ ਲਹਨਿ ਬਹਠਿੀਆ ਲਖੁ ਲਹਨਿ ਖੜੀਆ।।
ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ।।
ਤਿਨ ਗਨਿ ਸਿਲਕਾ ਪਾਈਆ ਤੁਟਨਿ ਮੋਤਸਰੀਆ।।3।।
ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ।।
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ।।

ਅਜਿਹੇ ਪ੍ਰਮਾਣ ਇਤਿਹਾਸ ਵਿੱਚ ਭਰੇ ਹੋਏ ਹਨ ਕਿ ਹਰ ਨਜ਼ਾਮ ਵਿੱਚ ਔਰਤ ਕੁਚਲੀ ਦਬੀ ਅਤੇ ਸਤਾਈ ਗਈ ਹੈ। ਮੁਰਦੇ ਮਰਦ ਨਾਲ ਜਦੋਂ ਜੀਊਂਦੀ ਔਰਤ ਸਤੀ ਹੁੰਦੀ ਸੀ ਤਾਂ ਇਸ ਤੋਂ ਵੱਡਾ ਅਨਾਚਾਰ ਹੋਰ ਕੀ ਹੋ ਸਕਦਾ ਸੀ ? ਅਜਿਹੀ ਸਥਿਤੀ ਵਿੱਚ ਔਰਤ ਨੂੰ ਇਕ ਵਸਤੂ ਵਾਂਗ ਅਗਨੀ-ਕੁੰਡ ਵਿੱਚ ਪਾ ਦਿਤਾ ਜਾਂਦਾ ਸੀ ਪਰ ਮਾਨਵੀ ਇਤਿਹਾਸ ਤੱਥ ਇਹ ਵੀ ਪੁਸ਼ਟੀ ਕਰਦੇ ਹਨ ਕਿ ਇਤਿਹਾਸ ਵਿੱਚ ਬਹੁਤ ਸਾਰੇ ਨਾਇਕਾ ਦੀ ਪ੍ਰੇਰਨਾ ਸਰੋਤ ਔਰਤ (ਮਾਂ) ਸੀ। ਬਾਬਾ ਫਰੀਦ, ਗੁਰੂ ਨਾਨਕ ਅਤੇ ਧਰੂ ਭਗਤ ਵਰਗੇ ਦਰਵੇਸ਼ ਦੀ ਸ਼ਕਤੀ ਔਰਤ ਸੀ। ਗੁਰੂ ਨਾਨਕ ਨੂੰ ਸਮਝਣ ਵਾਲੀ ਪਹਿਲੀ ਧਿਰ ਔਰਤ (ਬੇਬੇ ਨਾਨਕੀ) ਹੀ ਸੀ। ਕਹਿਣ ਦਾ ਮੂਲ ਤਾਤਪਰਜ ਹੈ ਕਿ ਇਤਿਹਾਸ ਵਿੱਚ ਔਰਤ ਨੂੰ ਹਮੇਸ਼ਾਂ ਜਕੜਿਆ ਅਤੇ ਤਾੜਿਆ ਗਿਆ ਹੈ। ਤੁਲਸੀ ਵਰਗੇ ਕਵੀ ਵੀ ਇਹੀ ਫੈਸਲਾ ਦੇਂਦੇ ਰਹੇ ਹਨ ਕਿ ਔਰਤ ਪਸ਼ੂ ਸਮਾਨ ਹੈ ਅਤੇ ਉਹ ਤਾੜਨ ਦੀ ਅਧਿਕਾਰੀ ਹੈ।

ਸਪੱਸ਼ਟ ਹੀ ਹੈ ਕਿ ਔਰਤ ਪ੍ਰਤਿ ਮਰਦ ਦੀ ਤ੍ਰਿਸਕਾਰ ਭਾਵਨਾ ਨੇ ਉਸ ਨੂੰ ਡੰਮ੍ਹ ਵਰਗੀ ਸਥਿਤੀ ਵਿੱਚ ਧਕੇਲੀ ਰੱਖਿਆ ਹੈ। ਮਰਦ ਦੇ ਹਰ ਜ਼ੁਲਮ ਦਾ ਸ਼ਿਕਾਰ ਔਰਤ ਹੀ ਹੋਈ ਹੈ। ਵਾਰਿਸ ਦਾ ਇਹ ਬੋਲ ''ਵਾਰਿਸ ਰੰਨ ਫ਼ਕੀਰ ਤਲਵਾਰ ਘੋੜਾ, ਚਾਰੋ ਥੋਕ ਕਿਸੇ ਦੇ ਯਾਰ ਨਾਹੀਂ।'' ਵੀ ਔਰਤ ਪ੍ਰਤਿ ਕੁਬੋਲ ਹਨ। ਇਨ੍ਹਾਂ ਕੁਬੋਲਾਂ ਦਾ ਇਤਿਹਾਸ ਬੜਾ ਲੰਮਾ ਹੈ। ਇਤਿਹਾਸ ਇਸ ਸਥਿਤੀ ਦਾ ਜੀਵੰਤ ਪ੍ਰਮਾਣ ਹੈ ਕਿ ਜਦੋਂ ਵੀ ਔਰਤ ਨੇ ਆਪਣੀ ਸੁਤੰਤਰ ਇੱਛਾ ਦਾ ਪ੍ਰਗਟਾਵਾ ਕੀਤਾ ਹੈ, ਉਸ ਨੂੰ ਮਰਨਾ ਪਿਆ ਹੈ। ਪੀਲੂ ਸ਼ਾਇਰ ਜਦੋਂ ਇਹ ਕਹਿੰਦਾ ਹੈ ਕਿ ''ਭੱਠ ਰੰਨਾਂ ਦੀ ਦੋਸਤੀ ਖੁਰੀ ਜਿਨ੍ਹਾਂ ਦੀ ਮੱਤ, ਹੱਸ ਕੇ ਲਾਵਣ ਯਾਰੀਆਂ ਤੇ ਰੋ ਕੇ ਦੇਵਣ ਦਸ।'' ਤਾਂ ਮਰਦ ਪ੍ਰਧਾਨ ਸਮਾਜ ਦੀ ਮਾਨਸਿਕਤਾ ਦਾ ਬੋਧ ਹੁੰਦਾ ਹੈ ਕਿ ਉਹ ਨਾਇਕਾਵਾਂ ਜਿਨ੍ਹਾਂ ਆਪਣੇ ਇਸ਼ਕ ਪ੍ਰਾਪਤੀ ਜਾਨ ਦੀ ਪਰਵਾਹ ਨਹੀਂ ਕੀਤੀ, ਨੂੰ ਅਤਿ ਮੰਦੇ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ। ਕਿੱਸਾ ਕਾਵਿ ਦੀਆਂ ਕਥਾਵਾਂ ਵਿੱਚੋਂ ਇਹ ਰਹੱਸ ਉਜਾਗਰ ਹੁੰਦਾ ਹੈ ਕਿ ਔਰਤ ਸਮਾਜਕ ਬੰਧਨਾਂ ਵਿੱਚ ਜਕੜੀ ਹੋਣ ਦੇ ਬਾਵਜੂਦ ਆਪਣੇ ਪਿਆਰ ਦੀ ਖਾਤਰ ਕਾਰਜਸ਼ੀਲ ਹੁੰਦੀ ਹੈ ਜਦ ਕਿ ਦੂਜੇ ਪਾਸੇ ਮਰਦ ਦੀ ਭੂਮਿਕਾ ਦੂਜੇ ਦਰਜੇ ਦੀ ਰਹੀ ਹੈ। ਅਜਿਹੀ ਕਾਰਜਸ਼ੀਲਤਾ ਦੇ ਬਾਵਜੂਦ ਵੀ ਉਸ ਦੀ ਹੋਂਦ ਨੂੰ ਰੱਦ ਕੀਤਾ ਗਿਆ ਹੈ। ਅਜਿਹੇ ਵਰਤਾਰੇ ਵਿੱਚੋਂ ਇਹ ਸੂਚਨਾ ਮਿਲਦੀ ਹੈ ਕਿ ਹਰ ਕਾਲ ਵਿੱਚ ਔਰਤ ਮਰਦ ਹੱਥੋਂ ਤ੍ਰਿਸਕਾਰੀ ਗਈ ਹੈ, ਉਸ ਉਪਰ ਦੋਸ਼ ਆਰੋਪਿਤ ਕੀਤੇ ਗਏ ਹਨ। ਇਹ ਤ੍ਰਿਸਕਾਰ ਏਨਾ ਦੁਖਾਵਾਂ ਹੈ ਕਿ ਸਮਰੱਥ ਹੋਣ ਦੇ ਬਾਵਜੂਦ ਉਸ ਨੂੰ ਨਕਾਰਿਆ ਗਿਆ ਹੈ। ਉਸ ਨੂੰ ਮਰਨ ਲਈ ਮਜ਼ਬੂਰ ਕੀਤਾ ਗਿਆ ਹੈ। ਸਮਾਜਕ ਧਰਾਤਲ ਉਪਰ ਉਸ ਦੀ ਹਰ ਇੱਛਾ ਨੂੰ ਨੈਤਿਕਤਾ ਦੀ ਉਲੰਘਣਾ ਮੰਨਿਆ ਗਿਆ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਸਤਿਜੁਗ ਤੋਂ ਲੈ ਕੇ ਕਲਜੁਗ ਤਕ ਮਾਤਾ ਸੀਤਾ ਨੂੰ ਆਪਣੀ ਅਗਨੀ ਪ੍ਰੀਖਿਆ ਦੇਣੀ ਪਈ ਹੈ। ਉਸਦੀ ਤ੍ਰਾਸਦੀ ਇਹ ਵੀ ਹੈ ਕਿ ਅਗਨੀ ਪ੍ਰੀਖਿਆ ਦੇ ਬਾਵਜੂਦ ਵੀ ਉਹ ਮਰਦ ਸਮਾਜ ਹੱਥੋਂ ਰੱਦ ਕੀਤੀ ਗਈ ਹੈ। ਰਮਾਇਣ ਦੀ ਮਾਤਾ ਸੀਤਾ ਧੋਬੀ ਦੇ ਇਕੋ ਕਾਟਵੇਂ ਬੋਲਾਂ ਰਾਹੀਂ ਦੋਸ਼ੀ ਸਮਝ ਕੇ ਕੱਢ ਦਿੱਤੀ ਗਈ ਹੈ। ਭਾਰਤੀ ਇਤਿਹਾਸ ਵਿੱਚ ਮਾਤਾ ਸੀਤਾ ਦੀ ਤ੍ਰਾਸਦ ਸਥਿਤੀ ਉਹ ਝਰੋਖਾ ਹੈ ਜੋ ਹਰ ਕਾਲ ਵਿੱਚ ਦਰਦ ਭੋਗ ਰਹੀ ਔਰਤ ਦਾ ਬਿੰਬ ਬਣ ਗਿਆ। ਇਸੇ ਪ੍ਰਸੰਗ ਵਿੱਚ ਹੀ ਤਾਂ ਦਲੀਪ ਕੌਰ ਟਿਵਾਣਾ ਨੇ ਆਪਣੇ ਨਾਵਲ ਦੂਸਰੀ ਸੀਤਾ ਵਿੱਚ ਇਸੇ ਸਥਿਤੀ ਦਾ ਗਲਪੀ ਬਿੰਬ ਉਸਾਰਿਆ ਹੈ। ਆਪਣੇ ਨਾਵਲ 'ਏਹੁ ਹਮਾਰਾ ਜੀਵਣਾ', 'ਦੂਸਰੀ ਸੀਤਾ' ਅਤੇ 'ਪੈੜਚਾਲ' ਵਿੱਚ 'ਗੰਗਾ', 'ਸੀਤਾ ਅਤੇ ਸ਼ਕੁੰਤਲਾ' ਦੀ ਮਿੱਥ ਨੂੰ ਵਰਤਮਾਨ ਪ੍ਰਸੰਗਾਂ ਨਾਲ ਜੋੜਣ ਦੇ ਪ੍ਰਸੰਗ ਵਿੱਚ ਉਹ ਲਿਖਦੀ ਹੈ ਕਿ ਕਲਯੁਗ ਹਜ਼ਾਰਾਂ ਸਾਲ ਪਹਿਲਾਂ ਵੀ ਸੀ ਅਤੇ ਅੱਜ ਵੀ ਔਰਤ ਦੀ ਸਥਿਤੀ ਵਿੱਚ ਕੋਈ ਤਬਦੀਲੀ ਨਹੀਂ ਵਾਪਰੀ। ਉਸਦੇ ਸ਼ਬਦਾਂ ਵਿੱਚ:—

''ਸਾਡੇ ਹਰ ਛਿਣ ਵਿੱਚ ਸਮੁੱਚਾ ਕਾਲ ਸਮਾਇਆ ਹੋਇਆ ਹੁੰਦਾ ਹੈ। ਭੂਤ ਵਿੱਚੋਂ ਹੀ ਵਰਤਮਾਨ ਪੈਦਾ ਹੁੰਦਾ ਹੈ ਅਤੇ ਵਰਤਮਾਨ ਭਵਿਖ ਨੂੰ ਜਨਮ ਦਿੰਦਾ ਹੈ। ਜਰਮਨ ਲੇਖਕ ਗੇਟੇ ਆਖਦਾ ਹੈ ਕਿ ਉਸਨੇ ਕੀ ਸਿਖਣਾ ਹੈ ਜਿਹੜਾ ਆਪਣੇ ਪਿਛਲੇ ਤਿੰਨ ਹਜ਼ਾਰ ਵਰ੍ਹਿਆਂ ਦੇ ਇਤਿਹਾਸ ਤੋਂ ਜਾਣੂੰ ਨਹੀਂ। ਦੂਸਰਾ ਅਸੀਂ ਗਲਤ ਸੋਚਦੇ ਹਾਂ ਕਿ ਅਸੀਂ ਕਿਸੇ ਯੁਗ ਵਿੱਚ ਜੀਊਂਦੇ ਹਾਂ। ਅਸਲ ਵਿੱਚ ਕਿਸੇ ਵੀ ਸਮੇਂ ਦਾ ਬੰਦਾ ਕਿਸੇ ਵੀ ਯੁੱਗ ਦਾ ਹੋ ਸਕਦਾ ਹੈ। ਸਤਯੁਗ, ਤਰੇਤਾ, ਦੁਆਪਰ ਲੰਘ ਚੁੱਕੇ ਵਕਤਾਂ ਦੇ ਨਾਮ ਨਹੀਂ ਤੁਹਾਡੇ ਅੰਦਰ ਜੀਊਂਦੀਆਂ ਬਿਰਤੀਆਂ ਦੇ ਆਧਾਰ ਦੇ ਨਾਮ ਹਨ। ਸਤਯੁਗ ਅੱਜ ਵੀ ਹੈ। ਕਲਯੁਗ ਹਜ਼ਾਰਾਂ ਸਾਲ ਪਹਿਲਾਂ ਵੀ ਸੀ। ਗੱਲ ਹੁੰਦੀ ਹੈ ਕਿ ਬੰਦਾ ਕਿਸ ਯੁਗ ਵਿੱਚ ਜੀਉਂ ਰਿਹਾ ਹੈ।''[1]

ਨਿਰਸੰਦੇਹ ਆਪਣੇ ਨਾਵਲ ਦੂਸਰੀ ਸੀਤਾ ਵਿੱਚ ਉਸ ਨੇ ਪੌਰਾਣਕ ਮਿੱਥ ਨੂੰ ਆਧਾਰ ਬਣਾ ਕੇ ਵਰਤਮਾਨ ਸਮਾਜ ਵਿੱਚ ਔਰਤ ਦੀ ਸਥਿਤੀ ਦਾ ਜੋ ਬਿੰਬ ਉਸਾਰਿਆ ਹੈ ਉਹ ਬੇਵੱਸ ਔਰਤ ਦਾ ਹੈ ਜੋ ਸਥਿਤੀਆਂ ਦੀ ਜਕੜ ਵਿੱਚ ਤ੍ਰਾਸਦ ਹੋਣੀ ਭੋਗਣ ਲਈ ਮਜ਼ਬੂਰ ਹੈ। ਮੂਲ ਕਥਾ ਦੇ ਬ੍ਰਿਤਾਂਤ ਵਿੱਚ ਵੀ ਸੀਤਾ ਮਾਤਾ ਨੂੰ ਰਾਵਣ ਚੁੱਕ ਕੇ ਲਿਜਾਉਂਦਾ ਹੈ ਅਤੇ ਇਸ ਘਟਨਾ ਵਿੱਚੋਂ ਅਗਲੇਰੇ ਦੁਖਾਂਤ ਦੀ ਸਿਰਜਣਾ ਹੋਈ ਹੈ। ਪੌਰਾਣਕ ਸੀਤਾ ਦਾ ਅੰਤ ਧਰਤੀ ਵਿੱਚ ਸਮਾ ਜਾਣ ਨਾਲ ਹੁੰਦਾ ਹੈ ਜਦ ਕਿ ਟਿਵਾਣਾ ਦੇ ਨਾਵਲ 'ਦੂਸਰੀ ਸੀਤਾ' ਵਿੱਚ ਵਰਤਮਾਨ ਸੀਤਾ ਦੀ ਤ੍ਰਾਸਦ ਹੋਣੀ ਦਾ ਬੀਜ ਉਧਾਲੇ ਰਾਹੀਂ ਹੀ ਹੁੰਦਾ ਹੈ ਅਤੇ ਉਸ ਦੇ ਜੀਵਨ ਅੰਦਰਲੇ ਦੁੱਖਾਂ ਦਾ ਅੰਤ ਗੰਗਾ ਵਿੱਚ ਡੁੱਬ ਜਾਣ ਨਾਲ ਹੀ ਹੁੰਦਾ ਹੈ। ਪੌਰਾਣਕ ਮਿੱਥ ਵਿੱਚ ਵੀ ਸੀਤਾ ਕੋਲ ਧਰਤੀ ਵਿੱਚ ਸਮਾ ਜਾਣ ਤੋਂ ਇਲਾਵਾ ਕੋਈ ਆਸਰਾ ਨਹੀਂ ਸੀ। ਇਸੇ ਤਰ੍ਹਾਂ ਵਰਤਮਾਨ ਦੀ ਸੀਤਾ ਲਈ ਵੀ ਜ਼ਿੰਦਗੀ ਦੇ ਦਰਵਾਜ਼ੇ ਬੰਦ ਹਨ। ਉਹ ਜੀਊਣਾ ਲੋਚਦੀ ਵੀ ਹੈ। ਉਸ ਦੀ ਇਹ ਲੋਚਾ ਹਰਦੁਆਰ ਵਿੱਚ ਮਿਲੀ ਆਪਣੀ ਸੱਸ ਨੂੰ ਕਹੇ ਬੋਲਾਂ ਵਿੱਚੋਂ ਜ਼ਾਹਰ ਵੀ ਹੁੰਦੀ ਹੈ: ''ਬੇਬੇ ਮੈਨੂੰ ਨਾਲ ਲੈ ਚਲੇਂਗੀ ? ਮੇਰਾ ਤੇਰੇ ਪੁੱਤ ਨੂੰ ਦੇਖਣ ਨੂੰ ਬਲਾਈ ਚਿੱਤ ਕਰਦੈ !'' ਸਪੱਸ਼ਟ ਹੀ ਹੈ ਕਿ ਸੀਤਾ ਮਰਨਾ ਨਹੀਂ ਚਾਹੁੰਦੀ, ਉਹ ਘਰ ਪਰਤਣਾ ਚਾਹੁੰਦੀ ਹੈ ਪਰ ਬੇਬੇ ਬੇਵੱਸ ਹੈ ਕਿਉਂ ਕਿ ਉਹ ਸਮਝਦੀ ਹੈ ਕਿ ਉਧਾਲੀ ਗਈ ਔਰਤ ਸਮਾਜ ਵਿੱਚ ਪ੍ਰਵਾਨ ਨਹੀਂ ਹੋਣੀ। ਉਹ ਉਸਨੂੰ ਆਪਣੇ ਘਰ ਵਾਪਸ ਲਿਆਉਣ ਦੀ ਮੰਗ ਅਗੇ ਨਿਰਉੱਤਰ ਹੈ। ਫਲਸਰੂਪ ਸੀਤਾ ਗੰਗਾ ਮਈਆ ਨੂੰ ਸਪੁਰਦ ਹੋ ਕੇ ਆਪਣਾ ਅੰਤ ਪ੍ਰਾਪਤ ਕਰਦੀ ਹੈ। ਡਾ. ਤਾਰਾ ਸਿੰਘ ਟਿਵਾਣਾ ਦੇ ਨਾਵਲ ਦੂਸਰੀ ਸੀਤਾ ਵਿੱਚੋਂ ਔਰਤ ਦਾ ਅਜਿਹਾ ਤ੍ਰਾਸਦ ਬਿੰਬ ਦੇਖਦਾ ਹੈ ਜੋ ਪੌਰਾਣਕ ਸੀਤਾ ਨੂੰ ਵੀ ਭੋਗਣਾ ਪਿਆ ਸੀ। ਉਸਦੇ ਸ਼ਬਦਾਂ ਵਿੱਚ:—

''ਇਸ ਨਾਵਲ ਵਿੱਚ ਲੇਖਿਕਾ ਨੇ ਇਕ ਪੇਂਡੂ ਗਰੀਬ ਪਰਿਵਾਰ ਦੀ ਨੂੰਹ 'ਸੀਤਾ' ਦੀ ਪ੍ਰਸਤੁਤੀ ਰਾਹੀਂ ਇਹ ਸਥਾਪਤ ਕਰਨ ਦਾ ਯਤਨ ਕੀਤਾ ਹੈ ਕਿ ਪੌਰਾਣਿਕ ਯੁੱਗ ਤੋਂ ਹੁਣ ਤੱਕ ਔਰਤ ਦੀ ਸਥਿਤੀ ਵਿੱਚ ਕੋਈ ਬੁਨਿਆਦੀ ਪਰਿਵਰਤਨ ਨਹੀਂ ਆਇਆ। 'ਪੌਰਾਣਿਕ ਸੀਤਾ' ਤੇ ਨਾਵਲ ਦੂਸਰੀ ਸੀਤਾ ਦੀ 'ਸੀਤਾ' ਦੇ ਦੁਖਾਂਤ ਪਿਛੇ ਇਕੋ ਧਾਰਨਾ ਕਾਰਜਸ਼ੀਲ ਪ੍ਰਤੀਤ ਹੁੰਦੀ ਹੈ ਕਿ ਕਿਸੇ ਵੀ ਸਥਾਪਤ ਸਮਾਜਕ ਮਰਿਯਾਦਾ ਦਾ ਉਲੰਘਣ ਮਨੁੱਖ ਤੇ ਸਮਾਜ ਲਈ ਵਿਨਾਸ਼ਕਾਰੀ ਸਾਬਤ ਹੁੰਦਾ ਹੈ। ਆਦਿ ਕਾਲ ਤੋਂ ਹੀ ਪਰਾਈ ਔਰਤ ਦਾ ਉਧਾਲਾ ਇਕ ਨਿੰਦਣਯੋਗ ਕਾਰਜ ਮੰਨਿਆ ਗਿਆ ਹੈ। ਰਾਮ ਤੇ ਸੀਤਾ ਦੀ ਪੌਰਾਣਿਕ ਕਥਾ ਅਨੁਸਾਰ ਰਾਵਣ ਦੁਆਰਾ ਸੀਤਾ-ਹਰਣ ਪਿਛੋਂ, ਰਾਮ ਸ਼ਕਤੀਸ਼ਾਲੀ ਸੈਨਾ ਲੈ ਕੇ ਲੰਕਾ ਉਤੇ ਚੜ੍ਹਾਈ ਕਰਦਾ ਹੈ। ਲੜਾਈ ਵਿੱਚ ਰਾਵਣ ਅਤੇ ਉਸਦੇ ਸਹਿਯੋਗੀ (ਰਾਕਸ਼) ਮਾਰੇ ਜਾਂਦੇ ਹਨ। ਰਾਮ ਨੂੰ ਸੀਤਾ ਵਾਪਸ ਮਿਲਣ ਅਤੇ ਉਸਦੇ 'ਅਗਨੀ ਪ੍ਰੀਖਿਆ' ਵਿੱਚੋਂ ਸਾਬਤ-ਸਬੂਤੀ ਲੰਘ ਆਉਣ ਦੇ ਬਾਵਜੂਦ ਵੀ ਉਨ੍ਹਾਂ ਦਾ ਘਰ ਬਰਬਾਦ ਹੋਣ ਤੋਂ ਨਹੀਂ ਬਚ ਸਕਿਆ। ਸੀਤਾ ਨੂੰ ਧਰਤੀ ਮਾਤਾ ਦੀ ਗੋਦ ਵਿੱਚ ਸ਼ਰਨ ਲੈਣੀ ਪੈਂਦੀ ਹੈ। ਇਸ ਤਰ੍ਹਾਂ ਇਕ ਸਮਾਜਕ ਮਰਿਯਾਦਾ ਦੇ ਉਲੰਘਣਕਾਰ ਅਤੇ ਪ੍ਰਭਾਵਿਤ ਧਿਰ ਦੋਵਾਂ ਦਾ ਵਿਨਾਸ਼ ਹੋ ਜਾਂਦਾ ਹੈ। ਇਸ ਪ੍ਰਸੰਗ ਵਿੱਚ ਹੀ ਨਾਵਲ ਦੂਸਰੀ ਸੀਤਾ ਨੂੰ ਸਮਝਿਆ ਜਾ ਸਕਦਾ ਹੈ।''[2]

ਦਲੀਪ ਕੌਰ ਟਿਵਾਣਾ ਦੇ ਨਾਵਲ ਦੂਸਰੀ ਸੀਤਾ ਵਿੱਚੋਂ ਉਸ ਔਰਤ ਦਾ ਬਿੰਬ ਉਭਰਦਾ ਹੈ ਜੋ ਸਮਾਜ ਵਿੱਚ ਬੇਵੱਸ ਹੈ, ਮਰਦ ਦੇ ਜ਼ੁਲਮ ਅਤੇ ਵਾਸਨਾ ਦਾ ਸ਼ਿਕਾਰ ਹੈ। ਉਸਦਾ ਦੁੱਖ ਸਿਰਫ਼ ਉਧਾਲੇ ਤਕ ਹੀ ਸੀਮਤ ਨਹੀਂ ਬਲਕਿ ਪਿੰਡ ਦਾ ਜ਼ੈਲਦਾਰ ਬਲਦੇਵ ਸਿੰਘ ਸੀਤਾ ਨਾਲ ਆਪ ਵੀ ਬਲਾਤਕਾਰ ਕਰਦਾ ਹੈ ਅਤੇ ਫਿਰ ਅੱਗੋਂ ਵੀ ਉਸ ਨੂੰ ਆਪਣੇ ਸਾਥੀਆਂ ਦੇ ਹਵਾਲੇ ਕਰ ਦੇਂਦਾ ਹੈ। ਸੀਤਾ ਨਾਲ ਜੋ ਅਮਾਨਵੀ ਵਰਤਾਰਾ ਹੋਇਆ ਹੈ, ਉਸ ਦੇ ਫਲਸਰੂਪ ਉਹ ਨਾ ਤਾਂ ਘਰ ਪਰਤ ਸਕਦੀ ਸੀ ਅਤੇ ਨਾ ਹੀ ਉਹ ਸਮਾਜ ਵਿੱਚ ਸਵੀਕਾਰੀ ਜਾ ਸਕਦੀ ਸੀ। ਪੌਰਾਣਕ ਸੀਤਾ ਨੂੰ ਤਾਂ ਅਗਨੀ ਪ੍ਰੀਖਿਆ ਦੇ ਕੇ ਆਪਣੀ ਪਵਿੱਤਰਤਾ ਦਾ ਪ੍ਰਮਾਣ ਦੇਣ ਦਾ ਫਿਰ ਵੀ ਅਵਸਰ ਮਿਲਿਆ ਸੀ ਜਦ ਕਿ ਵਰਤਮਾਨ ਸੀਤਾ ਦਾ ਦੁਖਾਂਤ ਘੋਰ ਅਪਮਾਨ ਭਰਿਆ ਹੈ। ਜੇਕਰ ਉਸ ਦੇ ਹੱਕ ਵਿੱਚ ਕੋਈ ਦੱਬੀ ਸੁਰ ਵਿੱਚ ਬੋਲਣ ਲਗਦਾ ਹੈ ਤਾਂ ਉਲਟਾ ਜ਼ੈਲਦਾਰ ਉਸ ਨੂੰ ਧਮਕਾ ਕੇ ਡਰਾ ਦੇਂਦਾ ਹੈ। ਸਥਿਤੀ ਦਾ ਵਿਅੰਗ ਅਤੇ ਤਨਾਉ ਇਹ ਹੈ ਕਿ ਜ਼ਾਲਮ ਹੀ ਨਿਆਂਕਾਰੀ ਬਣ ਕੇ ਹੇਠ ਲਿਖੇ ਅਨੈਤਿਕ ਬੋਲ ਉਚਾਰਦਾ ਹੈ:—

''ਨਸਾਫ਼ ਕਰਨ ਨੂੰ ਤਾਂ ਪੰਚੈਤ ਵੀ ਤਿਆਰ ਐ। ਤੂੰ ਨਉਂ ਲੈ ਜੇ ਨਾ ਮੂੰਹ ਕਾਲਾ ਕਰਕੇ ਗਧੇ ਤੇ ਚਾੜ੍ਹਕੇ, ਗਲ ਛਿੱਤਰਾਂ ਦੀ ਮਾਲਾ ਪਾ ਕੇ ਸਾਰੇ ਪਿੰਡ 'ਚ ਫੇਰੀਏ। ਬਾਕੀ ਜੇ ਆਪਣੇ ਈ ਧੀ ਪੁੱਤ ਵਿੱਚ ਖੋਟ ਹੋਵੇ ਫੇਰ ਨੀ ਕਿਸੇ ਨੂੰ ਕੁਸ਼ ਆਖਿਆ ਜਾਂਦਾ ਹੁੰਦਾ। ਓਸ ਨੇ ਪਿੰਡ ਦਾ ਨੱਕ ਵੱਢਣਾ ਸੀ ਵੱਢਤਾ। ਬਾਕੀ ਤੂੰ ਤਾਂ ਮੁੰਡੇ ਨੂੰ ਹੋਰਥੇ ਵਿਆਲੇਂਗਾ। ਇਜ਼ਤ ਤਾਂ ਪਟੜੀ ਫੇਰ ਪਿੰਡ ਦੀ ਰੁਲਗੀ ਤੈਨੂੰ ਕੌਣ ਜਾਣਦੈ ?''ਸਰਦਾਰ ਬਲਦੇਵ ਸਿੰਘ ਨੇ ਜ਼ਰਾ ਤਲਖ਼ ਹੋ ਕੇ ਕਿਹਾ।''[3]

ਜ਼ੁਲਮ ਦੀ ਇੰਤਹਾ ਹੈ ਕਿ ਉਧਾਲਣ ਵਾਲਾ ਜ਼ੈਲਦਾਰ ਹੀ ਪੁਛ ਰਿਹਾ ਹੈ ਕਿ ਬੰਦੇ ਦਾ ਨਾਂ ਤਾਂ ਦਸੋ ਤਾਂ ਜੋ ਨਿਆਂ ਕਰ ਸਕੀਏ। ਅਜਿਹੀ ਸਥਿਤੀ ਵਿੱਚ ਔਰਤ ਦੀ ਪੱਤ ਹੀ ਪੈਰਾਂ ਹੇਠ ਰੁਲਦੀ ਹੈ। ਸੀਤਾ ਦਾ ਘਰ ਪਰਤਣਾ ਮਰਦ ਪ੍ਰਧਾਨ ਸਮਾਜ ਵਿੱਚ ਸੰਭਵ ਹੀ ਨਹੀਂ। ਉਸ ਕੋਲ ਤਾਂ ਇਕੋ ਇਕ ਮੌਤ ਦਾ ਰਾਹ ਹੈ ਜੋ ਉਹ ਜੀਊਣ ਦੀ ਇੱਛਾ ਦੇ ਬਾਵਜੂਦ ਵੀ ਗੰਗਾ ਵਿੱਚ ਪਨਾਹ ਲੈ ਕੇ ਅਪਨਾਉਂਦੀ ਹੈ। ਇਸ ਅਨਿਆ ਦਾ ਕਹਿਰ ਸਿਰਫ ਸੀਤਾ ਉਪਰ ਹੀ ਨਹੀਂ ਟੁੱਟਦਾ ਸਗੋਂ ਉਸ ਦਾ ਛੇ ਸੱਤ ਸਾਲ ਪੁੱਤਰ ਵੀ ਇਸ ਦੁਖ ਦਾ ਭਾਗੀ ਬਣਦਾ ਹੈ। ਉਹ ਆਪਣੇ ਦਰਦ ਵਿੱਚੋਂ ਜਦੋਂ ਆਪਣੀ ਮਾਂ ਲਈ 'ਭੱਜਰੀ' ਸ਼ਬਦ ਵਰਤਦਾ ਹੈ ਤਾਂ ਉਸ ਦੀ ਦਾਦੀ ਕੁਰਲਾ ਉਠਦੀ ਹੈ। ਸੀਤਾ ਨਾਲ ਵਾਪਰੇ ਇਸ ਕਹਿਰ ਦਾ ਪਰਛਾਵਾਂ ਸਮੁੱਚੇ ਪਰਿਵਾਰ ਉਪਰ ਪੈਂਦਾ ਹੈ ਜੋ ਇਸ ਤੱਥ ਦਾ ਸੂਚਕ ਹੈ ਕਿ ਔਰਤ ਘਰ ਦੀ ਜੜ੍ਹ ਹੈ ਅਤੇ ਜਦੋਂ ਇਹ ਜੜ੍ਹ ਉਘੜਦੀ ਹੈ ਤਾਂ ਘਰ ਦਾ ਆਸਣ ਡੋਲ ਜਾਂਦਾ ਹੈ। ਡਾ. ਜਸਪਾਲ ਕੌਰ ਕਾਂਗ ਦੇ ਸ਼ਬਦਾਂ ਵਿੱਚ, ''ਅਗਨੀ ਪ੍ਰੀਖਿਆ' ਨਾਵਲ ਦੀ ਮਨਦੀਪ, 'ਦੂਸਰੀ ਸੀਤਾ' ਦੀ ਨਾਇਕਾ ਸੀਤਾ, 'ਏਹੁ ਹਮਾਰਾ ਜੀਵਣਾ' ਦੀ ਭਾਨੋ, 'ਪੀਲੇ ਪੱਤਿਆਂ ਦੀ ਦਾਸਤਾਨ' ਨਾਵਲ ਦੀ ਨਾਇਕਾ ਊਸ਼ਾ ਅਤੇ 'ਹਸਤਾਖ਼ਰ' ਨਾਵਲ ਦੀ ਸੀਮਾ, ਸਾਰੀਆਂ ਹੀ ਜ਼ਿੰਦਗੀ ਨੂੰ ਪੂਰੀ ਭਰਪੂਰਤਾ ਨਾਲ ਜੀਊਣਾ ਚਾਹੁੰਦੀਆਂ ਹਨ ਪਰ ਜੋ ਸਥਿਤੀਆਂ ਉਨ੍ਹਾਂ ਦੇ ਦਰਪੇਸ਼ ਹਨ ਉਨ੍ਹਾਂ ਦੇ ਅੰਤਰਗਤ ਜਾਂ ਤਾਂ ਉਨ੍ਹਾਂ ਨੂੰ ਮਰਨਾ ਪੈਂਦਾ ਹੈ ਜਾਂ ਉਹ ਇਕ ਅਜਿਹੇ ਘੋਰ ਵਿਸ਼ਾਦ ਵਿੱਚ ਗਰਸਤ ਹੋ ਜਾਂਦੀਆਂ ਹਨ, ਜਿਨ੍ਹਾਂ ਅੱਗੇ ਬੇਵੱਸ ਹੋ ਕੇ ਉਹ ਟੁੱਟ ਜਾਂਦੀਆਂ ਹਨ।''[4]

ਸੋ ਇਹ ਤੱਥ ਸਪੱਸ਼ਟ ਹੈ ਕਿ ਟਿਵਾਣਾ ਨੇ ਆਪਣੇ ਨਾਵਲਾਂ ਵਿੱਚ ਔਰਤ ਦੇ ਦਰਪੇਸ਼ ਆਈਆਂ ਉਨ੍ਹਾਂ ਕਰੂਰ ਸਥਿਤੀਆਂ ਦਾ ਵੀ ਵਿਵੇਕ ਉਸਾਰਿਆ ਹੈ, ਜਿਨ੍ਹਾਂ ਦੇ ਅੰਤਰਗਤ ਉਹ ਬੇਵੱਸ ਹੋਈ ਹੈ ਅਤੇ ਇਸੇ ਬੇਵੱਸੀ ਵਿੱਚ ਉਹ ਮਰਨ ਦਾ ਰਾਹ ਚੁਣਦੀ ਹੈ। ਉਸ ਲਈ ਮੌਤ ਮੁਕਤੀ ਦਾ ਰਾਹ ਬਣਦੀ ਹੈ। ਅਸਲ ਵਿੱਚ ਉਹ ਦਰਦ ਦੀ ਇੰਤਹਾ ਵਿੱਚ ਏਨੀਆਂ ਕੁਰਲਾ ਜਾਂਦੀ ਹੈ ਕਿ ਉਸ ਲਈ ਮੌਤ ਦੀ ਸ਼ਰਨ ਸੁਭਾਵਕ ਪ੍ਰਤੀਤ ਹੁੰਦੀ ਹੈ। ਟਿਵਾਣਾ ਦੀ ਇਹ ਬੇਵੱਸ ਔਰਤ ਜਦੋਂ ਮੌਤ ਦਾ ਰਾਹ ਚੁਣਦੀ ਹੈ ਤਾਂ ਕਈ ਸਮੀਖਿਆਕਾਰ ਇਹ ਕਿੰਤੂ ਉਠਾਉਂਦੇ ਹਨ ਕਿ ਦਲੀਪ ਕੌਰ ਟਿਵਾਣਾ ਦੀਆਂ ਨਾਇਕਾਵਾਂ ਮੌਤ ਨੂੰ ਹੀ ਇਕੋ ਇਕ ਰਾਹ ਮੰਨਦੀਆਂ ਹਨ। ਉਨ੍ਹਾਂ ਅਨੁਸਾਰ ਇਹ ਦੁੱਖ ਤੋਂ ਬਚਣ ਦਾ ਸਰਲੀਕਰਣ ਵਾਲਾ ਰਾਹ ਹੈ। ਡਾ. ਹਰਿਭਜਨ ਸਿੰਘ ਨੇ ''ਇਕ ਖ਼ਤ ਤੇਰੇ ਨਾਂ'' ਪੁਸਤਕ ਵਿੱਚ ਸਪੱਸ਼ਟ ਕਿਹਾ ਕਿ ਟਿਵਾਣਾ ਨੇ ਔਰਤ ਨੂੰ ਬੇਵੱਸ, ਅਣਹੋਈ ਅਤੇ ਨਿਕੰਮੀ ਚੀਜ਼ ਬਣਾ ਦਿਤਾ ਹੈ ਅਤੇ ਉਹ ਉਨ੍ਹਾਂ ਨੂੰ ਮੌਤ ਦੇ ਹਵਾਲੇ ਕਰਕੇ ਅਜਾਈਂ ਗੁਆ ਦੇਂਦੀ ਹੈ। ਉਸਦਾ ਇਹ ਕਿੰਤੂ ਹੈ ਕਿ ਟਿਵਾਣਾ ਦੁਖ ਦਰਦ ਦਾ ਸਰਲੀਕਰਣ ਕਰਦੀ ਹੈ ਪਰ ਉਸ ਦਾ ਕੋਈ ਸਮਾਜਕ ਸਮਾਧਾਨ ਨਹੀਂ ਤਲਾਸ਼ਦੀ। ਇਸ ਕਿੰਤੂ ਦਾ ਮੂਲ ਮਸਲਾ ਇਹ ਹੈ ਕਿ ਟਿਵਾਣਾ ਨੇ ਔਰਤ ਦੀ ਬੇਵੱਸੀ ਨੂੰ ਇਕ ਅਜਿਹੀ ਸਥਿਤੀ ਮੰਨ ਲਿਆ ਹੈ, ਜਿਸ ਦਾ ਸਮਾਧਾਨ ਨਾ ਹੋਣ ਕਾਰਣ ਉਹ ਆਤਮਘਾਤ ਕਰਦੀ ਹੈ। ਡਾਕਟਰ ਹਰਿਭਜਨ ਸਿੰਘ ਦਾ ਵਿੱਚਾਰ ਹੈ ਕਿ ਅਜਿਹੀਆਂ ਲਿਖਤਾਂ ਔਰਤ ਦੀ ਪੀੜ ਨੂੰ ਮੱਠਿਆਂ ਕਰਨ ਲਈ ਜਾਂ ਉਸ ਨੂੰ ਸਹਿੰਦੜ ਬਣਾਉਣ ਲਈ ਹੁੰਦੀਆਂ ਹਨ। ਡਾ. ਹਰਿਭਜਨ ਸਿੰਘ ਦੀ ਇਹ ਵੀ ਧਾਰਨਾ ਹੈ ਕਿ ਔਰਤ ਕੋਲ ਆਪਣੀ ਬੇਵੱਸੀ ਤੋਂ ਮੁੱਕਤ ਹੋਣ ਲਈ ਹੋਰ ਵੀ ਰਾਹ ਹਨ ਅਤੇ ਉਸ ਨੂੰ ਉਹ ਰਾਹ ਤਲਾਸ਼ ਕਰਨੇ ਚਾਹੀਦੇ ਹਨ। ਡਾ. ਜੋਗਿੰਦਰ ਸਿੰਘ ਰਾਹੀਂ ਅਨੁਸਾਰ ਟਿਵਾਣਾ ਨੇ ਬੇਵੱਸ ਔਰਤ ਨੂੰ ਆਪਣੀ ਮਨ-ਇੱਛਿਤ ਗਲਪ ਨੀਤੀ ਅਨੁਸਾਰ ਮੌਤ ਦਾ ਰਾਹ ਚੁਣਨਾ ਦਿਖਾਇਆ ਹੈ। ਉਸ ਦੇ ਸ਼ਬਦਾਂ ਵਿੱਚ:—

''ਏਹੁ ਹਮਾਰਾ ਜੀਵਣਾ ਦੀ ਨਾਇਕਾ ਭਾਨੀ ਨੂੰ ਛੱਡ ਕੇ ਉਸ ਦੇ ਬਾਕੀ ਨਾਵਲਾਂ ਦੀਆਂ ਨਾਇਕਾਵਾਂ ਦੁਖਾਂਤ ਦਾ ਸਰਾਪ ਆਪਣੀ ਮੂਲ ਸਥਿਤੀ ਕਰ ਕੇ ਘੱਟ ਤੇ ਲੇਖਕਾ ਦੀ ਭਾਵੁਕ ਚੋਣ ਕਰਕੇ ਵਧੇਰੇ ਭੋਗਦੀਆਂ ਹਨ। ਦੂਜੇ ਸ਼ਬਦਾਂ ਵਿੱਚ, ਉਸ ਦਾ ਦੁਖਾਂਤ ਸੰਕਲਪ ਸੰਕਟ-ਅਨੁਭਵ ਦੀ ਨਹੀਂ, ਸੰਕਟ ਨੀਤੀ ਦੀ ਉਪਜ ਬਣ ਜਾਂਦਾ ਹੈ। ਇਸ ਸੰਕਟ ਨੀਤੀ ਵਿੱਚੋਂ ਉਪਜੀ ਉਸ ਦੀ ਤਰਸ-ਯਾਚਕ ਬਿਰਤੀ ਉਸ ਦੀਆਂ ਨਾਇਕਾਵਾਂ ਨੂੰ ਅਵਸਰਾਂ ਦੇ ਬਾਵਜੂਦ ਭਾਵਪੂਰਤੀ ਦੀ ਸਿਖਰ ਉੱਤੇ ਨਹੀਂ ਪੁੱਜਣ ਦੇਂਦੀ। ਤੀਲੀ ਦਾ ਨਿਸ਼ਾਨ ਦੀ ਭਰ-ਜੋਬਨ ਵਿਧਵਾ ਕਿਰਨ ਉੱਤੇ ਬਾਹਰੋਂ ਕੋਈ ਅਜਿਹਾ ਗੰਭੀਰ ਸੰਕਟ ਹਾਵੀ ਨਹੀਂ ਜੋ ਉਸ ਨੂੰ ਪੁਨਰ-ਵਿਆਹ ਦੁਆਰਾ ਜੀਵਨ ਦੇ ਅਰਥ ਲੱਭਣੋਂ ਵਰਜਦਾ ਹੋਵੇ, ਅਤੇ ਨ ਹੀ ਉਸ ਨੂੰ ਪੁਨਰ-ਵਿਆਹ ਦੀਆਂ ਸੰਭਾਵਨਾਵਾਂ ਅਪ੍ਰਾਪਤ ਹਨ। ਪਰ ਫਿਰ ਵੀ ਉਹ ਇਕ ਅਚਾਨਕ ਭਾਵੁਕਤਾ ਅਧੀਨ ਸਦਾ ਵਿਧਵਾ ਜੀਵਨ ਦੀ ਸੁੰਞ ਤੇ ਪੀੜ ਸਹੇੜ ਲੈਂਦੀ ਹੈ। ਅਜਿਹੀ ਭਾਵੁਕਤਾ ਦੁੱਖ ਵਿੱਚੋਂ ਨਾਇਕੀ ਵਡਿੱਤਣ ਲੱਭਣ ਦੀ ਲਾਲਸਾ ਦੀ ਉਪਜ ਹੋਣ ਕਾਰਣ ਵਿਅੰਗ ਦਾ ਵਿਸ਼ੈ ਹੋਵੇਗੀ। ਪਰ ਟਿਵਾਣਾ ਇਸ ਨੂੰ ਹਮਦਰਦੀ ਦਾ ਵਿਸ਼ੈ ਮੰਨ ਕੇ ਆਪਣੀ ਚੋਣ ਨਾਲ ਜੋੜ ਲੈਂਦੀ ਹੈ। ਵਿਅਕਤੀ-ਯਥਾਰਥ ਦੇ ਪ੍ਰਯੋਗ ਵਿੱਚ ਵੀ ਅਜਿਹੀ ਭਾਵੁਕ ਚੋਣ ਆਪਣੇ ਸਥਿਤੀ ਬਾਹਰੇ ਸੁਭਾਵ ਕਾਰਣ ਸਥਿਰ ਨਹੀਂ ਹੋ ਸਕਦੀ। ਟਿਵਾਣਾ ਦਾ ਇਸ ਨੂੰ ਸਥਿਰ ਮੰਨ ਲੈਣਾ ਵੀ ਨਾਇਕ ਦੀ ਤ੍ਰਾਸਦੀ ਵਿੱਚ ਲੇਖਕਾ ਦੇ ਭਾਵੁਕ ਦਖਲ ਨੂੰ ਪ੍ਰਗਟ ਕਰਦਾ ਹੈ।''[5]

ਡਾ. ਰਾਹੀ ਦੇ ਇਨ੍ਹਾਂ ਸ਼ਬਦਾਂ ਵਿੱਚ ਮੂਲ ਵਿੱਚਾਰ ਇਹ ਹੈ ਕਿ ਲੇਖਕ ਦੀ ਭਾਵਕਤਾ ਨੇ ਅਜਿਹੀਆਂ ਔਰਤਾਂ ਦਾ ਬਿੰਬ ਉਸਾਰਿਆ ਹੈ ਜੋ ਜਾਣ ਬੁਝ ਕੇ ਮੌਤ ਦੇ ਮਾਰਗ ਨੂੰ ਇਕੋ ਇਕ ਰਾਹ ਮੰਨ ਲੈਂਦੀਆਂ ਹਨ ਅਤੇ ਸਾਰੀ ਉਮਰ ਦੁੱਖ ਭੋਗਦੀਆਂ ਹਨ। ਸਮੀਖਿਆਕਾਰਾਂ ਦੇ ਇਨ੍ਹਾਂ ਕਿੰਤੂਆਂ ਉਪਰ ਵਿੱਚਾਰ ਚਰਚਾ ਕਰਦਿਆਂ ਦਲੀਪ ਕੌਰ ਟਿਵਾਣਾ ਨੇ ਆਪਣੀ ਸ੍ਵੈ-ਜੀਵਨੀ 'ਪੂਛਤੇ ਹੋ ਤੋ ਸੁਨੋ'' ਵਿੱਚ ਇਨ੍ਹਾਂ ਦਾ ਉੱਤਰ ਦਿਤਾ ਹੈ। ਉਸ ਦੀ ਧਾਰਨਾ ਹੈ ਕਿ ਲੇਖਕ ਵੇਦਨਾ ਨੂੰ ਸੰਵੇਦਨਾ ਵਿੱਚ ਉਸਾਰਨ ਦਾ ਕਾਰਜ ਕਰਦਾ ਹੈ, ਉਸ ਪਾਸੋਂ ਸਥਿਤੀਆਂ ਦਾ ਸਰਲੀਕਰਣ ਕਰਵਾ ਕੇ ਸਮਾਧਾਨ ਲੱਭਣ ਵਾਲੀ ਸਮੀਖਿਆ ਅਪ੍ਰਮਾਣਕ ਹੈ। ਉਸ ਦੀ ਦਲੀਲ ਹੈ ਕਿ, ''ਆਪਣੇ ਨਾਵਲਾਂ ਵਿੱਚ ਗੱਲ ਮੈਂ ਨਾ ਕਦੇ ਇਸਤਰੀ ਦੀ ਕੀਤੀ ਹੈ ਤੇ ਨਾ ਮਰਦ ਦੀ। ਹਮੇਸ਼ਾ ਇਸਤਰੀ ਮਰਦ ਦੇ ਰਿਸ਼ਤੇ ਦੀ ਗੱਲ ਕੀਤੀ ਹੈ। ਉਸ ਦੇ ਉਲਾਰ ਹੋਣ ਦੀ ਵੀ। ਤੇ ਉਸ ਵਕਤ ਦੀ ਵੀ ਜਦੋਂ ਔਰਤ ਨੂੰ ਛਿੱਲ ਛਿੱਲ ਕੇ ਉਸ ਰਿਸ਼ਤੇ ਦੇ ਮੇਚ ਦੀ ਕੀਤਾ ਜਾਂਦਾ ਹੈ। ਜੇ ਆਪਣੇ ਨਾਲੋਂ ਚਿਪਰਾਂ ਲਹਿਣ ਵੇਲੇ ਕੋਈ ਔਰਤ ਮਰ ਜਾਂਦੀ ਹੈ ਜਾਂ ਭਟਕ ਜਾਂਦੀ ਹੈ ਤਾਂ ਕਸੂਰ ਤੂੰ ਮੇਰਾ ਦਸਦਾ ਏਂ। ਪਰ ਮੈਂ ਆਖਦੀਆਂ ਮਰਨ ਤੇ ਭਟਕਣ ਦੇ ਰਾਹਾਂ ਤੋਂ ਜਾਣੂ ਸਰਕੰਡਿਆਂ ਦੇ ਦੇਸ਼ ਵਾਲੀਆਂ, ਪੀਲੇ ਪੱਤਿਆਂ ਵਰਗੀਆਂ ਆਪੇ ਕੋਈ ਰਾਹ ਤਲਾਸ਼ ਕਰ ਲੈਣਗੀਆਂ ਆਪਣੀ ਆਪਣੀ ਸਮਰੱਥਾ ਅਨੁਸਾਰ।''[6]

ਟਿਵਾਣਾ ਇਹ ਮੰਨਦੀ ਹੈ ਕਿ ਚੇਤਨ ਬੁਧ ਵਾਲੇ ਪਾਠਕ ਨੂੰ ਸਮਾਧਾਨ ਦੇਣ ਦੀ ਲੋੜ ਨਹੀਂ ਹੁੰਦੀ ਬਲਕਿ ਦੁੱਖ ਦੀ ਚੇਤਨਾ ਹੀ ਮਾਰਗ ਤਲਾਸ਼ ਕਰਨ ਦੇ ਰਾਹ ਉਪਰ ਤੁਰ ਪੈਂਦੀ ਹੈ। ਉਹ ਇਹ ਕਹਿੰਦੀ ਹੈ ਕਿ ਮਰਦ ਸਮੀਖਿਆਕਾਰ ਮੇਰੇ ਔਰਤ ਪੱਖੀ ਰਵੱਈਏ ਨੂੰ ਨਿੰਦਣ ਵਿੱਚ ਹੀ ਆਪਣੀ ਸਮੀਖਿਆ ਨੂੰ ਸੀਮਤ ਕਰ ਬੈਠਦੇ ਹਨ। ਉਹ ਆਪਣੀ ਇਸੇ ਸ੍ਵੈ-ਜੀਵਨੀ ਵਿੱਚ ਮੰਨਦੀ ਹੈ ਕਿ ਔਰਤ ਦੀ ਸਥਿਤੀ ਬਦਲਣ ਲਈ ਉਸਦੇ ਕਾਰਣਾਂ ਨੂੰ ਸਮਝਣਾ ਪਵੇਗਾ ਅਤੇ ਇਸ ਵਿੱਚ ਮਰਦ ਦੀ ਭੂਮਿਕਾ ਅਹਿਮ ਹੋਣੀ ਚਾਹੀਦੀ ਹੈ। ਇਸ ਵਿੱਚਾਰ ਚਰਚਾ ਵਿੱਚੋਂ ਇਕ ਸਥਿਤੀ ਤਾਂ ਬੜੀ ਸਪੱਸ਼ਟ

ਹੈ ਕਿ ਔਰਤ ਸਮਾਜਕ ਧਰਾਤਲ ਉਪਰ ਦਰਦ ਹੰਢਾ ਰਹੀ ਧਿਰ ਹੈ ਜੋ ਅਣਚਾਹੀਆਂ ਮਨਫ਼ੀ ਸਥਿਤੀਆਂ ਦੀ ਜਕੜ ਵਿੱਚ ਗ੍ਰਸੀ ਹੋਈ ਹੈ। ਜਿਥੋਂ ਤੱਕ ਉਸ ਦੀ ਮੁਕਤੀ/ਆਜ਼ਾਦੀ ਦਾ ਪ੍ਰਸ਼ਨ ਹੈ, ਉਸ ਦਾ ਉੱਤਰ ਇਹ ਹੈ ਕਿ ਜੇਕਰ ਸਥਿਤੀਆਂ ਦੀ ਜੜ੍ਹ ਵਿੱਚ ਪਰਿਵਰਤਨ ਆਉਂਦਾ ਹੈ ਤਾਂ ਔਰਤ ਨੂੰ ਸ੍ਵੈ-ਮਾਣ ਨਾਲ ਜੀਊਣ ਦੀ ਜਾਚ ਆਪੇ ਹੀ ਆ ਜਾਣੀ ਹੈ। ਉਹ ਉਦੋਂ ਹੀ ਮਰਨ ਦੇ ਰਾਹ ਉਪਰ ਤੁਰਦੀਆਂ ਹਨ ਜਦੋਂ ਉਨ੍ਹਾਂ ਅਗੇ ਹਨੇਰੇ ਦੀ ਖੱਡ ਦਿਖਾਈ ਦੇਂਦੀ ਹੈ। ਇਸ ਸਥਿਤੀ ਦੇ ਪਰਿਵਰਤਨ ਵਿੱਚ ਮੂਲ ਭੂਮਿਕਾ ਤਾਂ ਮਰਦ ਨੇ ਨਿਭਾਉਣੀ ਹੈ। ਔਰਤ ਨੂੰ ਭਟਕਾਉਣ ਵਾਲੀ ਧਿਰ ਮਰਦ ਹੈ। ਭਾਨੋ ਜਾਂ ਸੀਤਾ ਵਰਗੀਆਂ ਇਸਤ੍ਰੀਆਂ ਨਾਲ ਅਨਿਆਂ ਮਰਦ ਹੀ ਤਾਂ ਕਰ ਰਿਹਾ ਹੈ। ਜ਼ਿੰਦਗੀ ਜੀਊਣ ਦੀ ਇੱਛਾ ਨਾਲ ਭਰਪੂਰ ਭਾਨੋ ਅਤੇ ਸੀਤਾ ਉਦੋ ਭਟਕਦੀਆਂ ਹਨ ਜਦੋਂ ਮਰਦ ਉਨ੍ਹਾਂ ਨਾਲ ਅਣਹੋਣੀ ਕਰਦਾ ਹੈ। ਪ੍ਰਮਾਣ ਵਜੋਂ ਸੀਤਾ ਤਾਂ ਆਪਣੀ ਸਹਿਜ ਜ਼ਿੰਦਗੀ ਜੀਊ ਰਹੀ ਸੀ। ਉਸ ਨੂੰ ਉਧਾਲਣ ਦਾ ਕੁਕਰਮ ਜ਼ੈਲਦਾਰ ਕਰਦਾ ਹੈ ਅਤੇ ਮਰਦ ਦਾ ਇਹੀ ਕੁਕਰਮ ਉਸ ਨੂੰ ਮੌਤ ਦੇ ਮਾਰਗ ਤਕ ਲੈ ਜਾਂਦਾ ਹੈ। ਸਥਿਤੀ ਦਾ ਵਿਅੰਗ ਇਸ ਤੱਥ ਵਿੱਚ ਹੈ ਕਿ ਜੋ ਗੁਨਾਹ ਉਸਨੇ ਕੀਤਾ ਹੀ ਨਹੀਂ ਹੁੰਦਾ ਉਸ ਦੀ ਸਜ਼ਾ ਉਸਨੂੰ ਆਪਣਾ ਜੀਵਨ ਦੇ ਕੇ ਸਹਿਣੀ ਪੈਂਦੀ ਹੈ। ਦੂਜੇ ਪਾਸੇ ਗੁਨਾਹ ਕਰਨ ਵਾਲੀ ਧਿਰ ਹੀ ਨਿਰਦੋਸ਼ ਧਿਰ ਉਪਰ ਦੋਸ਼ ਥੱਪ ਕੇ ਆਪਣੇ ਰੋਹਬ ਅਤੇ ਰੁਤਬੇ ਨੂੰ ਸਮਾਜ ਵਿੱਚ ਬੁਲੰਦ ਕਰ ਰਹੀ ਹੈ। ਉਸਦੇ ਮਨ ਵਿੱਚ ਆਪਣੇ ਕੀਤੇ ਕੁਕਰਮ ਦਾ ਕੋਈ ਪਸ਼ਚਾਤਾਪ ਹੀ ਨਹੀਂ। ਇਸੇ ਪ੍ਰਕਾਰ ਨਾਵਲ 'ਏਹੁ ਹਮਾਰਾ ਜੀਵਣਾ' ਵਿੱਚ ਭਾਨੋ ਨਰੈਣੇ ਅਮਲੀ ਦੇ ਮੰਦੇ ਹਾਲਾਂ ਵਾਲੀ ਅਵਸਥਾ ਵਿੱਚ ਵੀ ਜੀਊਣ ਦੀ ਲੋਚਾ ਬਣਾਈ ਰੱਖਦੀ ਹੈ। ਤ੍ਰਾਸਦੀ ਤਾਂ ਉਦੋਂ ਗਹਿਰੀ ਹੁੰਦੀ ਹੈ ਜਦੋਂ ਨਰੈਣਾ ਅਮਲੀ ਆਪਣੀ ਨਾਮਰਦੀ ਦੇ ਬਾਵਜੂਦ ਇਕ ਹੋਰ ਮੁੱਲ ਦੀ ਤੀਵੀਂ ਲੈ ਆਉਂਦਾ ਹੈ। ਭਾਨੋ ਇਸੇ ਘਟਨਾ ਵਿੱਚੋਂ ਹੀ ਅਪਮਾਨਿਤ ਹੋ ਕੇ ਅੰਨ੍ਹੇਰੇ ਰਾਹਾਂ ਉਪਰ ਤੁਰ ਪੈਂਦੀ ਹੈ। ਅਸਲ ਦੋਸ਼ੀ ਤਾਂ ਮਰਦ ਅਤੇ ਮਰਦ ਪ੍ਰਧਾਨ ਸਮਾਜ ਦੀ ਕਰੜੀ ਮਰਯਾਦਾ ਹੈ ਜੋ ਔਰਤ ਨੂੰ ਬੇਵੱਸ ਬਣਾ ਦੇਂਦੀ ਹੈ। ਇਹ ਬੇਵੱਸ ਔਰਤ ਦਾ ਬਿੰਬ ਟਿਵਾਣਾ ਦਾ ਮਨੋਇੱਛਿਤ ਸੰਸਾਰ ਨਹੀਂ ਬਲਕਿ ਉਸਦੇ ਦਰਪੇਸ਼ ਉਸਰੀਆਂ ਮਨਫ਼ੀ ਸਥਿਤੀਆਂ ਦਾ ਪ੍ਰਮਾਣਕ ਬਿੰਬ ਹੈ। ਇਸੇ ਤਰ੍ਹਾਂ 'ਸਰਕੰਡਿਆਂ ਦੇ ਦੇਸ਼' ਨਾਵਲ ਦੀ ਨਾਇਕਾ ਪ੍ਰੀਤੀ ਨੂੰ ਮੌਤ ਦੇ ਦਰਵਾਜ਼ੇ ਤਕ ਲੈ ਜਾਣ ਵਾਲਾ ਜਗਮੋਹਨ ਹੈ ਜੋ ਆਪਣੀ ਵੱਡੀ ਭਰਜਾਈ ਬਸੰਤ ਨਾਲ ਨਜਾਇਜ਼ ਰਿਸ਼ਤਿਆਂ ਵਿੱਚ ਬੱਝਾ ਹੋਇਆ ਹੈ। ਪ੍ਰੀਤੀ ਭਾਵੇਂ ਮੈਜਿਸਟਰੇਟ ਸਾਹਮਣੇ ਆਪਣੇ ਸੜ ਜਾਣ ਨੂੰ ਆਪਣੀ ਮਾੜੀ ਕਿਸਮਤ ਕਹਿਕੇ ਗੱਲ ਟਾਲ ਜਾਂਦੀ ਹੈ ਪਰ ਨਾਵਲ ਦੀ ਕਹਾਣੀ ਵਿੱਚੋਂ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਜਗਮੋਹਣ ਅਤੇ ਬਸੰਤ ਨੇ ਹੀ ਪ੍ਰੀਤੀ ਨੂੰ ਸਾੜਿਆ ਸੀ। ਮੂਲ ਪ੍ਰਸ਼ਨ ਹੀ ਇਹ ਹੈ ਕਿ ਔਰਤ ਤਾਂ ਸਥਿਤੀਆਂ ਦੀ ਜਕੜ ਵਿੱਚ ਬੇਵੱਸ ਹੈ ਪਰ ਉਸ ਦੀ ਇਸ ਬੇਵੱਸੀ ਦਾ ਵਿਵੇਕ ਉਸਾਰ ਕੇ ਟਿਵਾਣਾ ਨੇ ਆਪਣੀ ਸਾਹਿਤਕਾਰੀ ਦਾ ਧਰਮ ਨਿਭਾਇਆ ਹੈ। ਉਸ ਦੀ ਇਸ ਸਾਹਿਤਕਾਰੀ ਨੂੰ ਭਾਵੁਕਤਾ ਮੰਨਣਾ ਜਾਂ ਦੁੱਖ ਦਾ ਮਨ-ਇੱਛਿਤ ਸੰਸਾਰ ਕਹਿਣਾ ਟਿਵਾਣਾ ਦੀ ਗਲਪ ਚੇਤਨਾ ਉਪਰ ਨਿਰਆਧਾਰ ਦੋਸ਼ ਹੈ। ਇਤਿਹਾਸ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਸਮਾਜ ਵਿੱਚ ਔਰਤ ਦੀ ਤ੍ਰਾਸਦੀ ਦਾ ਵੱਡਾ ਕਾਰਣ ਮਰਦ ਪ੍ਰਧਾਨ ਸਮਾਜਕ ਮੁੱਲ ਹਨ। ਸਥਿਤੀ ਦਾ ਦਰਦ ਇਹ ਵੀ ਹੈ ਕਿ ਇਕ ਔਰਤ ਵੀ ਦੂਸਰੀ ਔਰਤ ਦੇ ਦੁੱਖ ਦਾ ਕਾਰਣ ਬਣਦੀ ਹੈ। 'ਸਰਕੰਡਿਆਂ ਦੇ ਦੇਸ਼' ਵਿੱਚ ਭਰਜਾਈ ਬਸੰਤ ਉਸਦੇ ਪਤੀ ਨਾਲ ਰਲ ਕੇ ਹੀ ਪ੍ਰੀਤੀ ਦੀ ਮੌਤ ਦਾ ਕਾਰਣ ਬਣਦੀ ਹੈ। ਮਰਦ ਦੀ ਹਵਸ ਨੂੰ ਉਦੋਂ ਸ਼ਹਿ ਮਿਲਦੀ ਹੈ ਜਦੋਂ ਕੋਈ ਦੂਜੀ ਔਰਤ ਪ੍ਰਵੇਸ਼ ਕਰਦੀ ਹੈ। ਸਰਕੰਡਿਆ ਦੇ ਦੇਸ਼ ਦੀ ਪ੍ਰੀਤੀ ਦਾ ਦੁਖਾਂਤ ਇਸੇ ਸਥਿਤੀ ਵਿੱਚੋਂ ਹੀ ਤਾਂ ਪੈਦਾ ਹੋਇਆ ਹੈ। ਪ੍ਰੀਤੀ ਆਪਣੇ ਪਤੀ ਜਗਮੋਹਣ ਨਾਲ ਇਕ ਸਾਵੀਂ ਪੱਧਰੀ ਜ਼ਿੰਦਗੀ ਜੀਊਣਾ ਲੋਚਦੀ ਹੈ ਅਤੇ ਆਪਣੇ ਸਾਹਮਣੇ ਵਾਪਰ ਰਹੀਆਂ ਘਟਨਾਵਾਂ ਨੂੰ ਅਣਗੋਲਿਆਂ ਵੀ ਕਰਦੀ ਹੈ ਪਰੰਤੂ ਇਸਦੇ ਬਾਵਜੂਦ ਉਹ ਜੋ ਦੁਖਾਂਤ ਭੋਗਦੀ ਹੈ, ਉਹ ਉਸਦੇ ਵੱਸੋਂ ਬਾਹਰਾ ਹੈ। ਬਸੰਤ ਕੌਰ ਦਾ ਅਮਾਨਵੀ ਕਿਰਦਾਰ ਅਤੇ ਜਗਮੋਹਣ ਦੀ ਹਵਸ ਪ੍ਰੀਤੀ ਦੀ ਮੌਤ ਦਾ ਕਾਰਣ ਬਣਦੀ ਹੈ। ਸੋ ਇਹ ਤੱਥ ਸਪੱਸ਼ਟ ਹੈ ਕਿ ਦਲੀਪ ਕੌਰ ਟਿਵਾਣਾ ਨੇ ਆਪਣੇ ਨਾਵਲਾਂ ਵਿੱਚ ਬੇਵੱਸ ਔਰਤ ਦਾ ਜੋ ਬਿੰਬ ਉਸਾਰਿਆ ਹੈ, ਉਹ ਕਿਸੇ ਭਾਵੁਕ ਸੰਸਾਰ ਦੀ ਸਿਰਜਣਾ ਨਹੀਂ। ਇਹ ਕਹਿਣਾ ਕਿ ਟਿਵਾਣਾ ਦੀਆਂ ਨਾਇਕਾਵਾਂ ਮਰਨ ਦੀ ਥਾਂ ਕੋਈ ਨਵਾਂ ਮਾਰਗ ਕਿਉਂ ਨਹੀਂ ਤਲਾਸ਼ਦੀਆਂ ਤਾਂ ਇਸ ਦਾ ਉੱਤਰ ਇਹ ਹੈ ਕਿ ਜੋ ਸਦੀਆਂ ਤੋਂ ਜਕੜਿਆ ਹੈ, ਉਸ ਨੂੰ ਆਜ਼ਾਦ ਹੋਣ ਲਈ ਸਮਾਂ ਲਗੇਗਾ ਅਤੇ ਦੂਜਾ ਜਿੰਨੀ ਦੇਰ ਇਸ ਆਜ਼ਾਦੀ ਨੂੰ ਸਾਕਾਰ ਕਰਨ ਲਈ ਮਰਦ ਆਪਣੀ ਭੂਮਿਕਾ ਨੂੰ ਇਸ ਵਿੱਚ ਸ਼ਾਮਲ ਨਹੀਂ ਕਰਦਾ ਉਦੋਂ ਤੱਕ ਔਰਤ ਲਈ ਆਜ਼ਾਦੀ ਸੰਭਵ ਨਹੀਂ। ਇਹ ਵੀ ਧਿਆਨ ਵਿੱਚ ਰੱਖਣਾ ਪਵੇਗਾ ਕਿ ਔਰਤ ਦੀ ਆਜ਼ਾਦੀ ਕੋਈ ਇਕਹਿਰਾ ਸਰਲ ਸੂਤਰ ਨਹੀਂ। ਇਸ ਵਿੱਚ ਅਨੇਕ ਮਸਲੇ ਸ਼ਾਮਲ ਹਨ। ਪਹਿਲਾਂ ਤਾਂ ਖ਼ੁਦ ਔਰਤ ਅੰਦਰ ਸ੍ਵੈ-ਚੇਤਨਾ ਦਾ ਬੀਜ ਫੁਟਣਾ ਚਾਹੀਦਾ ਹੈ, ਦੂਜਾ ਔਰਤ ਨੂੰ ਔਰਤ ਹੋਣ ਦੇ ਸਰਾਪ ਤੋਂ ਮੁਕਤ ਕਰਵਾਉਣਾ ਪਵੇਗਾ, ਤੀਜਾ ਔਰਤ ਦੇ ਦਰਦ ਵਿੱਚ ਖੁਦ ਔਰਤ ਵਰਗ ਨੂੰ ਹੀ ਸ਼ਰੀਕ ਹੋਣਾ ਪਵੇਗਾ। ਇਸ ਲਈ ਔਰਤ ਨੂੰ ਪਹਿਲਾਂ ਔਰਤ ਦੇ ਸਾਥ ਦੀ ਲੋੜ ਹੈ। ਚੌਥਾ ਪਹਿਲੂ ਸਮਾਜਕ ਮੁੱਲਾਂ ਵਾਲਾ ਹੈ ਜੋ ਇਕ ਲੰਮੇ ਸਮੇਂ ਤੋਂ ਔਰਤ ਨੂੰ ''ਘਰ ਦੀ ਚਾਰਦੀਵਾਰੀ'' ਤੱਕ ਵਿੱਚਰਨ ਦੀ ਮੱਤ ਦੇਂਦਾ ਹੈ। ਪੰਜਵਾਂ ਪਹਿਲੂ ਆਰਥਕ ਮਸਲਿਆਂ ਵਾਲਾ ਹੈ ਜੋ ਔਰਤ ਨੂੰ ਆਰਥਕ ਤੌਰ ਉਪਰ ਆਪਣੇ ਪੈਰਾਂ ਉਪਰ ਆਪ ਖਲੋਣ ਦਾ ਰਾਹ ਵਿਖਾਉਂਦਾ ਹੈ। ਇਸ ਪਰਿਪੇਖ ਵਿੱਚ ਦਲੀਪ ਕੌਰ ਟਿਵਾਣਾ ਦੀ ਇਹ ਧਾਰਨਾ ਬੜੀ ਪ੍ਰਾਸੰਗਿਕ ਹੈ:—

''ਸੋ ਔਰਤ ਦੀ ਸਥਿਤੀ ਬਦਲਣ ਲਈ ਉਸ ਸਥਿਤੀ ਦੇ ਕਾਰਨ ਸਮਝਣੇ ਪੈਣਗੇ। ਮਨਨ ਕਰਨਾ ਪਵੇਗਾ। ਇਹ ਸਥਿਤੀ ਨਾ ਰੋ ਕੇ ਬਦਲਣੀ ਹੈ ਤੇ ਨਾ ਹੀ ਤਰਸ ਮੰਗ ਕੇ ਤੇ ਨਾ ਹੀ ਮਹਿਲਾ ਦਿਵਸਾਂ ਉਪਰ ਭਾਸ਼ਣ ਦੇਣ ਨਾਲ। ਇਹ ਤਾਂ ਔਰਤ ਦੇ ਆਪ ਤਕੜੀ ਹੋਣ ਨਾਲ ਹੀ ਬਦਲੇਗੀ। ਇਸ ਵਿੱਚ ਮਰਦ ਨੂੰ ਔਰਤ ਦੀ ਮਦਦ ਕਰਨੀ ਪਵੇਗੀ ਤਾਂ ਜੋ ਆਪਣੇ ਬੱਚਿਆਂ ਦੇ ਭਵਿੱਖ ਲਈ, ਸੰਸਾਰ ਦੇ ਭਵਿੱਖ ਲਈ ਉਹ ਕੋਈ ਵਧੀਆ ਰੋਲ ਅਦਾ ਕਰ ਸਕੇ।''[7]

ਇਹ ਵਿੱਚਾਰ ਬੜਾ ਅਰਥ ਭਰਪੂਰ ਹੈ ਕਿ ਬੇਵੱਸ ਔਰਤ ਦੀ ਬੇਵੱਸੀ ਉਦੋਂ ਮੁਕੇਗੀ ਜਦੋਂ ਉਹ ਪਹਿਲਾਂ ਮਾਨਸਿਕ ਧਰਾਤਲ ਉਪਰ ਆਪਣੀ ਹੋਂਦ ਨੂੰ ਪਛਾਣੇਗੀ। ਇਕ ਔਰਤ ਦੂਜੀ ਔਰਤ ਦਾ ਦਰਦ ਪਛਾਣੇਗੀ ਅਤੇ ਰਿਸ਼ਤਿਆਂ ਦੇ ਸੱਚ ਸੁਚਿ ਉਪਰ ਪਹਿਰਾ ਦੇਵੇਗੀ। ਜੇ ਅਜਿਹਾ ਨਹੀਂ ਤਾਂ ਭਾਨੋ, ਸੀਤਾ, ਊਸ਼ਾ, ਪ੍ਰੀਤੀ, ਮਨਦੀਪ ਅਤੇ ਪਵਨ ਵਰਗੀਆਂ ਮਾਸੂਮ ਜਿੰਦਾਂ ਤ੍ਰਾਸਦੀ ਦਾ ਪਾਤਰ ਬਣਨ ਲਈ ਮਜਬੂਰ ਰਹਿਣਗੀਆਂ। ਜਿਥੋਂ ਤੱਕ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿੱਚ ਬੇਵੱਸ ਔਰਤ ਦੀ ਪ੍ਰਮਾਣਕਤਾ ਦਾ ਪ੍ਰਸ਼ਨ ਹੈ, ਉਸ ਦਾ ਸਪੱਸ਼ਟ ਜਵਾਬ ਇਹ ਹੈ ਕਿ ਸਮੀਖਿਆ ਦੀ ਧਰਾਤਲ ਉਪਰ ਵਿਵੇਕ ਉਸਾਰਨਾ ਸਹਿਜ ਹੈ ਜਦ ਕਿ ਯਥਾਰਥ ਦੀ ਪਿੱਠਭੂਮੀ ਵਿੱਚ ਜੋ ਵਾਪਰ ਰਿਹਾ ਹੈ, ਉਸ ਨੂੰ ਉਸਾਰਨਾ ਸਾਹਿਤਕਾਰੀ ਹੈ। ਭਾਰਤੀ ਸਮਾਜ ਵਿੱਚ ਔਰਤ ਦਾ ਦਰਦ ਕਿਸੇ ਤੋਂ ਗੁੱਝਾ ਨਹੀਂ। ਇਸ ਦਰਦ ਦੀਆਂ ਜੜ੍ਹਾਂ ਬੜੀਆਂ ਡੂੰਘੀਆਂ ਹਨ। ਇਸ ਲਈ ਟਿਵਾਣਾ ਦੇ ਨਾਵਲਾਂ ਵਿੱਚ ਜਿਨ੍ਹਾਂ ਬੇਵੱਸ ਔਰਤਾਂ ਦੀ ਤ੍ਰਾਸਦ ਹੋਣੀ ਨੂੰ ਚਿਤਰਿਆ ਗਿਆ ਹੈ, ਉਹ ਅਤੀਤ ਅਤੇ ਸਮਕਾਲੀ ਸਮਿਆਂ ਦੇ ਯਥਾਰਥ ਦੀ ਤਰਜਮਾਨੀ ਕਰਦੀਆਂ ਹਨ। ਇਸ ਯਥਾਰਥ ਦਾ ਚਿਤਵਨ ਅਤੇ ਚਿਤਰਣ ਕਰਦਿਆਂ ਦਲੀਪ ਕੌਰ ਟਿਵਾਣਾ ਨੇ ਔਰਤ ਦੇ ਅਵਚੇਤਨ ਵਿੱਚ ਟਿੱਕੇ ਭਾਵਾਂ ਅਤੇ ਉਸ ਦੀਆਂ ਵੇਦਨਾਵਾਂ ਨੂੰ ਪ੍ਰਗਟ ਕੀਤਾ ਹੈ। ਉਹ ਔਰਤ ਦੀ ਪੈਰਵੀ ਲਈ ਪ੍ਰਤਿਬੱਧ ਲੇਖਕਾ ਹੈ ਅਤੇ ਉਸ ਉਪਰ ਇਹ ਵੀ ਕਿੰਤੂ ਕੀਤਾ ਗਿਆ ਹੈ ਕਿ ਉਹ ਜ਼ਿੰਦਗੀ ਦੇ ਬਹੁ-ਪਾਸਾਰੇ ਵਿੱਚੋਂ ਕੇਵਲ ਔਰਤ ਦੀ ਹੋਣੀ ਉਪਰ ਕੇਂਦਰਿਤ ਹੈ। ਦੂਜਾ, ਉਹ ਔਰਤ ਪ੍ਰਤਿ ਏਨੀ ਉਲਾਰ ਹੈ ਕਿ ਉਸ ਨੂੰ ਮਰਦ ਦਾ ਹਰ ਕਰਮ ਔਰਤ ਦੇ ਵਿਰੋਧ ਵਿੱਚ ਪ੍ਰਤੀਤ ਹੁੰਦਾ ਹੈ। ਅਜਿਹੇ ਵਿੱਚਾਰਾਂ ਦਾ ਉੱਤਰ ਦੇਂਦੀ ਦਲੀਪ ਕੌਰ ਟਿਵਾਣਾ ਇਹ ਮੰਨਦੀ ਹੈ ਕਿ ਮਜ਼ਲੂਮ ਨਾਲ ਖੜ੍ਹੇ ਜਾਣਾ ਹੀ ਸਾਹਿਤਕਾਰੀ ਦਾ ਧਰਮ ਹੈ ਅਤੇ ਉਹ ਔਰਤ ਹੋਣ ਕਾਰਣ ਇਹ ਸਮਝਦੀ ਹੈ ਕਿ ਉਸ ਦੀ ਲਿਖਤ ਔਰਤ ਦੇ ਮਸਲਿਆਂ ਨੂੰ ਧੁਰ ਅੰਦਰੋਂ ਪਛਾਣਨ ਦੇ ਸਮਰੱਥ ਹੋਈ ਹੈ। ਉਹ ਲਿਖਦੀ ਹੈ:-

''ਲੋਕ ਆਖਦੇ ਨੇ, ਮੈਂ ਆਪਣੇ ਨਾਵਲਾਂ ਵਿੱਚ ਔਰਤਾਂ ਦਾ ਪੱਖ ਪੂਰਦੀ ਹਾਂ। ਕਾਹਨੂੰ, ਆਪਣਾ ਤਾਂ ਉਹ ਹਿਸਾਬ ਹੈ ਅਖੇ ਇਕ ਥਾਂ ਅੰਬ ਦੇ ਦਰਖ਼ਤ ਉਪਰ ਬੈਠੇ ਬਾਂਦਰ ਦੇ ਲੋਕ ਇੱਟਾਂ ਰੋੜੇ ਮਾਰ ਰਹੇ ਸਨ। ਕਿਸੇ ਭਲੇ ਰਾਹੀਂ ਨੇ ਪੁੱਛਿਆ, 'ਇਹ ਸਾਰੇ ਲੋਕ ਕੀਹਨੂੰ ਮਾਰ ਰਹੇ ਨੇ ?'' ਕਿਸੇ ਨੇ ਦੱਸਿਆ, ''ਬਾਂਦਰ ਨੂੰ।'' ਉਹਨੇ ਪੁੱਛਿਆ, ''ਬਾਂਦਰ ਵਲ ਕੌਣ ਹੈ?'' ਅਗਲੇ ਨੇ ਦਸਿਆ, ''ਕੋਈ ਨਹੀਂ।'' ਇਸ ਉਪਰ ਉਸ ਭਲੇ ਰਾਹੀ ਨੇ ਆਖਿਆ ''ਤਾਂ ਫੇਰ ਬਾਂਦਰ ਵੱਲ ਮੈਂ ਹਾਂ।'' ਬਸ ਮਜ਼ਲੂਮ ਦੇ ਨਾਲ ਖੜ੍ਹੋ ਜਾਈਦਾ ਹੈ।''[8]

ਅਸਲ ਵਿੱਚ ਔਰਤ ਦੀ ਹੋਂਦ ਨਾਲ ਹੀ ਫਰਜ਼ਾਂ ਦੀ ਲੰਬੀ ਸੂਚੀ ਜੁੜੀ ਹੋਈ ਹੈ। ਸਮਾਜ ਦੇ ਹਰ ਨੇਮ ਦੀ ਪਹਿਲੀ ਪਰਤ ਔਰਤ ਨੂੰ ਹੀ ਸੰਬੋਧਨ ਹੋਈ ਹੈ। ਪਤੀ ਨੂੰ ਪਰਮੇਸ਼ਰ ਮੰਨਣ ਵਾਲਾ ਸਮਾਜ ਔਰਤ ਦੀ ਹੋਂਦ ਨੂੰ ਵਿਸਾਰ ਦੇਂਦਾ ਹੈ। ਮਾਂ, ਬੇਟੀ, ਪਤਨੀ ਦੇ ਰੂਪ ਵਿੱਚ ਉਹ ਫਰਜ਼ਾਂ ਦੀ ਪੁਤਲੀ ਹੈ। ਉਹ ਆਪਣੀ ਪਹਿਚਾਣ ਇਨ੍ਹਾਂ ਰਿਸ਼ਤਿਆਂ ਰਾਹੀਂ ਹੀ ਬਣਾਉਂਦੀ ਹੈ। ਉਸ ਅੰਦਰ ਔਰਤ ਹੋਣ ਦਾ ਅਹਿਸਾਸ ਜਦੋਂ ਜਾਗਦਾ ਹੈ ਤਾਂ ਮਰਦ ਭੈ-ਭੀਤ ਹੋਣ ਲਗਦੇ ਹਨ। ਭੈ-ਭੀਤ ਹੋਏ ਮਰਦ ਦੇ ਮਨਫ਼ੀ ਪ੍ਰਤਿਕਰਮ ਹੀ ਔਰਤ ਦੀ ਤ੍ਰਾਸਦੀ ਨੂੰ ਸਾਕਾਰ ਕਰਦੇ ਹਨ। ਮਰਦ ਦੀ ਮਨਫ਼ੀ ਸੋਚ ਨੂੰ ਦੂਸਰੀ ਔਰਤ ਦੇ ਸ਼ਰੀਕੇ ਰਾਹੀਂ ਬਲ ਮਿਲਦਾ ਹੈ। ਇੱਕ ਤਾਂ ਖੁਦ ਔਰਤ ਵੀ ਆਪਣੀ ਹੋਣੀ ਦੀ ਜ਼ਿੰਮੇਵਾਰ ਹੈ ਅਤੇ ਦੂਜਾ ਦੂਸਰੀ ਔਰਤ ਵੀ ਉਸ ਦੇ ਦਰਦ ਨੂੰ ਗਹਿਰਾ ਕਰਦੀ ਹੈ। ਦਲੀਪ ਕੌਰ ਟਿਵਾਣਾ ਨੇ ਆਪਣੀ ਸ੍ਵੈ-ਜੀਵਨੀ ਵਿੱਚ ਉਸ ਸਮਾਜ ਦੀ ਮਨਫੀ ਸੋਚ ਨੂੰ ਨੰਗਿਆਂ ਕੀਤਾ ਹੈ ਜੋ ਕੁੜੀ ਅਤੇ ਕੂੜੇ ਨੂੰ ਇਕ ਸਮਾਨ ਹੀ ਸਮਝਦਾ ਹੈ। ਉਸ ਨੇ ਮਰਦ ਦੀ ਜ਼ਾਲਮ ਬਿਰਤੀ ਦਾ ਸੰਕੇਤ ਦੇਂਦਿਆਂ ਇਹ ਮੰਨਿਆ ਹੈ ਕਿ ਅਤੀਤ ਵਿੱਚ ਔਰਤ ਨੂੰ ਜੰਮਣ ਤੋਂ ਬਾਅਦ ਮਾਰਿਆ ਜਾਂਦਾ ਸੀ ਜਦ ਕਿ ਵਰਤਮਾਨ ਸਮਿਆਂ ਵਿੱਚ ਜੰਮਣ ਤੋਂ ਪਹਿਲਾਂ ਹੀ ਮਾਰਨ ਦੀ ਪ੍ਰਵਿਰਤੀ ਜਾਗ ਪਈ ਹੈ। ਇਹੀ ਮਰਦ ਸਮਾਜ ਦੀ ਜ਼ਾਲਮ ਸੋਚ ਹੈ। ਔਰਤ ਦਾ ਮਰਨਾ ਮਰਦ ਲਈ ਤ੍ਰਾਸਦ ਘਟਨਾ ਨਹੀਂ। ਉਹ ਇਕ ਤੋਂ ਬਾਅਦ ਦੂਸਰੀ ਔਰਤ ਤੱਕ ਫੈਲਦਾ ਹੈ। ਇਨ੍ਹਾਂ ਸਥਿਤੀਆਂ ਕਾਰਣ ਹੀ ਔਰਤ ਬੇਵੱਸ ਹੈ, ਮਰਦ ਹੱਥੋਂ ਮਰਨ ਲਈ ਮਜਬੂਰ ਹੈ। ਟਿਵਾਣਾ ਆਪਣੀ ਸ੍ਵੈ-ਜੀਵਨੀ ਵਿੱਚ ਲਿਖਦੀ ਹੈ ਕਿ, ''ਅਸੀਂ ਦੇਖਦੇ ਹਾਂ ਸਾਡੇ ਸਮਾਜ ਵਿੱਚ ਕੁੜੀ ਅਤੇ ਕੂੜਾ ਸਮਾਨਾਰਥਕ ਹਨ। ਬਾਕੀ ਹਰ ਚੀਜ਼ ਦਾ ਮੁੱਲ ਦੇਣਾ ਪੈਂਦਾ ਹੈ ਸਿਰਫ਼ ਕੂੜਾ ਚੁੱਕਣ ਵਾਲੇ ਨੂੰ ਨਾਲ ਕੁਝ ਦੇਈਦਾ ਵੀ ਹੈ ਤੇ ਇਸੇ ਤਰ੍ਹਾਂ ਕੁੜੀ ਵਿਆਹ ਕੇ ਲੈ ਕੇ ਜਾਣ ਵਾਲੇ ਨੂੰ ਵੀ ਬਹੁਤ ਕੁਝ ਨਾਲ ਦੇਣਾ ਪੈਂਦਾ ਹੈ। ਅੱਗੇ ਲੋਕ ਧੀਆਂ ਨੂੰ ਜੰਮਦੀਆਂ ਨੂੰ ਮਾਰ ਦੇਂਦੇ ਸਨ ਤੇ ਹੁਣ ਲੋਕ ਟੈਸਟ ਕਰਵਾਕੇ ਜੰਮਣ ਤੋਂ ਪਹਿਲਾਂ ਹੀ ਮਾਰ ਦਿੰਦੇ ਹਨ। ਇਸ ਸਥਿਤੀ ਵਿੱਚ ਔਰਤ ਨੂੰ ਯਾਦ ਹੀ ਨਹੀਂ ਰਿਹਾ ਉਹ ਕੌਣ ਹੈ? ਉਹ ਕੀ ਹੈ ? ਫਰਾਂਸੀਸੀ ਲੇਖਕਾ ਸਮੂਨ ਆਖਦੀ ਹੈ ਕਿ ਔਰਤ ਛੋਟੇ ਤੋਂ ਛੋਟੇ ਬੱਚੇ ਨੂੰ ਝਿੜਕਣ ਲਈ ਵੀ ਆਖੇਗੀ ਕਿ ਦੱਸਾਂਗੀ ਤੇਰੇ ਪਿਓ ਨੂੰ। ਔਰਤ ਨੇ ਜਦੋਂ ਆਪਣੀ ਪਹਿਚਾਣ ਗੁਆ ਲਈ, ਉਸਦਾ ਜਦੋਂ ਆਪਣੇ ਆਪ ਵਿੱਚ ਯਕੀਨ ਨਾ ਰਿਹਾ ਤਾਂ ਉਸਨੇ ਆਪਣਾ ਉਹੀ ਮੁੱਲ ਸਮਝਿਆ ਜੋ ਮੁੱਲ ਬੰਦੇ ਨੇ ਉਸਦਾ ਪਾਇਆ। ਇਹ ਕਿਸੇ ਇਕ ਜਾਤੀ, ਕੌਮ ਜਾਂ ਦੇਸ਼ ਦੀ ਕਹਾਣੀ ਨਹੀਂ ਔਰਤ ਜ਼ਾਤ ਦੀ ਕਹਾਣੀ ਹੈ।''[9]

ਨਿਰਸੰਦੇਹ ਭਾਰਤੀ ਸਮਾਜ ਵਿੱਚ ਔਰਤ ਦੀ ਹੋਣੀ ਜੰਮਣ ਨਾਲ ਹੀ ਲਿਖ ਦਿੱਤੀ ਜਾਂਦੀ ਹੈ। ਇਸ ਵਿੱਚ ਦੋ ਰਾਵਾਂ ਨਹੀਂ ਕਿ ਔਰਤ ਦੀ ਆਜ਼ਾਦੀ ਦੇ ਨਾਂ ਉਪਰ ਨਾਰੀ ਚੇਤਨਾ ਦੀਆਂ ਲਹਿਰਾਂ ਚਲੀਆਂ ਹਨ ਪਰ ਮਸਲਾ ਉਥੇ ਹੀ ਟਿਕਿਆ ਪਿਆ ਹੈ। ਔਰਤ ਅੰਦਰ ਸ੍ਵੈ-ਚੇਤਨਾ ਦਾ ਭਾਵ ਜਾਗ ਤਾਂ ਰਿਹਾ ਹੈ ਪਰ ਬੜਾ ਵਿਰਲਾ ਹੈ। ਮਰਦ ਲਈ ਉਸ ਦੀ ਸ੍ਵੈ-ਚੇਤਨਾ ਡਰ ਪੈਦਾ ਕਰਦੀ ਹੈ। ਸੋ ਸਥਿਤੀ ਵਿੱਚ ਵੱਡਾ ਪਰਿਵਰਤਨ ਨਹੀਂ ਵਾਪਰਦਾ। ਇਸ ਦਾ ਅਸਲ ਕਾਰਣ ਇਹ ਵੀ ਹੈ ਕਿ ''ਮੇਰੇ ਬੋਲਣ ਤੋਂ ਪਹਿਲਾਂ, ਬੋਲ ਪੈਂਦਾ ਹੈ ਤੇਰਾ ਅੰਨ।'' ਭਾਵ ਆਰਥਿਕ ਆਜ਼ਾਦੀ ਅਤੇ ਆਰਥਿਕ ਸ਼ਕਤੀ ਤੋਂ ਬਿਨਾ ਔਰਤ ਦੀ ਆਜ਼ਾਦੀ ਸੰਭਵ ਹੀ ਨਹੀਂ। ਔਰਤ ਦੀ ਇਸ ਗੁਲਾਮੀ ਨੂੰ ਹੀ ਅੰਮ੍ਰਿਤਾ ਪ੍ਰੀਤਮ ਨੇ ''ਅੰਨਦਾਤਾ'' ਕਵਿਤਾ ਵਿੱਚ ਪ੍ਰਗਟਾਇਆ ਸੀ ਕਿ ਰੋਟੀ ਟੁੱਕਰ ਦੇ ਨਾਲ 'ਛਿੱਤਰ ਮਾਰਨਾ' ਮਰਦ ਦੀ ਫ਼ਿਤਰਤ ਹੈ। ਜੇਕਰ ਇਸ ਮੋਰਚੇ ਉਪਰ ਔਰਤ ਪ੍ਰਾਧੀਨ ਹੈ ਤਾਂ ਸਥਿਤੀ ਉਹੋ ਜਿਹੀ ਹੀ ਵਾਪਰੇਗੀ, ਜਿਹੋ ਜਿਹੀ ਟਿਵਾਣਾ ਦੇ ਨਾਵਲਾਂ ਵਿੱਚ ਜ਼ਾਹਰ ਹੋਈ ਹੈ। ਮਿਸਾਲ ਵਜੋਂ ਭਾਨੋ ਦੀ ਸਾਰੀ ਹੋਂਦ ਹੀ ਦੋ ਰੋਟੀਆਂ ਉਪਰ ਸਿਮਟੀ ਹੋਈ ਹੈ। ਜੇਕਰ ਸਮਾਜਕ ਪ੍ਰਬੰਧ ਦੇ ਅੰਤਰਗਤ ਔਰਤ ਕੋਲ ਆਰਥਿਕ ਸਹਾਰਾ ਹੋਵੇ ਤਾਂ ਅਜਿਹੇ ਦੁਖਾਂਤ ਟਲ ਸਕਦੇ ਹਨ। ਭਾਰਤੀ ਸਮਾਜ ਵਿੱਚ ਔਰਤ ਇਕ ਸਥਿਤੀ ਵਿੱਚ ਨਹੀਂ ਬਲਕਿ ਵਿਭਿੰਨ ਸਥਿਤੀਆਂ ਵਿੱਚ ਜਕੜੀ ਹੋਈ ਹੈ। ਜਿੰਨੀ ਦੇਰ ਤਕ ਸਥਿਤੀਆਂ ਦੇ ਕਾਰਣ ਨਹੀਂ ਮੁੱਕਦੇ, ਔਰਤ ਬੇਵੱਸ ਰਹੇਗੀ। ਮਰਦ ਦੇ ਮਨਫ਼ੀ ਕਿਰਦਾਰ ਅਤੇ ਔਰਤ ਦੀ ਬੇਵੱਸ ਸਥਿਤੀ ਦਾ ਪ੍ਰਮਾਣਕ ਬਿੰਬ 'ਪੀਲੇ ਪੱਤਿਆਂ ਦੀ ਦਾਸਤਾਨ' ਨਾਵਲ ਵਿੱਚੋਂ ਦੇਖਿਆ ਜਾ ਸਕਦਾ ਹੈ।

## ਟਿੱਪਣੀਆਂ ਤੇ ਹਵਾਲੇ


1. ਗੁਰਮੁੱਖ ਸਿੰਘ, ਕਿਛੁ ਸੁਣੀਐ ਕਿਛੁ ਕਹੀਐ, ਡਾ. ਦਲੀਪ ਕੌਰ ਟਿਵਾਣਾ ਨਾਲ ਇਕ ਲੰਮੀ ਮੁਲਾਕਾਤ, ਪੰਨਾ-128.
2. ਡਾ. ਤਾਰਾ ਸਿੰਘ, ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ : ਪਰੰਪਰਾ ਅਤੇ ਆਧੁਨਿਕਤਾ ਦਾ ਸੰਵਾਦ, ਪੰਨੇ-50-51.
3. -ਉਹੀ-, ਪੰਨੇ-54-55.
4. ਡਾ. ਜਸਪਾਲ ਕੌਰ ਕਾਂਗ, ਗਲਪ ਚੇਤਨਾ ਤੋਂ ਗਲਪ ਸ਼ਾਸ਼ਤਰ ਤਕ,ਪੰ-49.
5. ਜੋਗਿੰਦਰ ਸਿੰਘ ਰਾਹੀ, ਪੰਜਾਬੀ ਨਾਵਲ, ਪੰਨੇ-184-185.
6. ਦਲੀਪ ਕੌਰ ਟਿਵਾਣਾ, ਪੂਛਤੇ ਹੋ ਤੋ ਸੁਨੋ, ਪੰਨਾ-91.
7. -ਉਹੀ-, ਪੰਨਾ-110.
8. -ਉਹੀ-, ਪੰਨਾ-106.
9. -ਉਹੀ-, ਪੰਨਾ-108.